ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 20*Issue 153 | Wednesday, August 04, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6


JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steeles Ave. W. Unit 11, Etobicoke, ON

## ਮਾਂਟਰੀਅਲ ਵਿੱਚ ਚੱਲੀਆਂ ਗੋਲੀਆਂ, 3 ਹਲਾਕ



ਮਾਂਟਰੀਅਲ, 3 ਅਗਸਤ (ਪੋਸਟ ਬਿਊਰੋ) : ਸੋਮਵਾਰ ਨੂੰ ਰਿਵਿਏਰ-ਡੈਸ-ਪ੍ਰੇਰੀਜ਼-ਪੁਆਇੰਟ-ਆਕਸ-ਟਰੈਂਬਲਜ਼ ਦੇ ਅੰਤ ਉੱਤੇ ਸਿਟੀ ਦੇ ਪੂਰਬ ਵਿੱਚ ਚੱਲੀਆਂ ਗੋਲੀਆਂ ਕਾਰਨ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਇਸ ਨਾਲ ਮਾਂਟਰੀਅਲਰਜ਼ ਕਾਫੀ ਸੋਕ ਵਿੱਚ ਹਨ। ਆਰ ਡੀ ਪੀ ਵਿੱਚ 54ਵੇਂ ਐਵਨਿਊ ਨੇੜੇ 9301 ਪੇਰਾਸ ਬੋਲੀਵੀਅਰਡ ਉੱਤੇ ਸਥਿਤ ਰਿਹਾਇਸ਼ੀ ਬਿਲਡਿੰਗ ਵਿੱਚ ਖੜ੍ਹੇ ਪੰਜ ਵਿਅਕਤੀਆਂ ਉੱਤੇ ਗੋਲੀਆਂ ਚਲਾਈਆਂ ਗਈਆਂ। ਸ਼ਾਮ ਦੇ 7:00 ਵਜੇ ਇਸ ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਮਾਂਟਰੀਅਲ ਪੁਲਿਸ ਮੌਕੇ ਉੱਤੇ ਪਹੁੰਚੀ। ...ਬਾਕੀ ਪੰਨਾ 3 'ਤੇ

## ਓਨਟਾਰੀਓ ਵਿੱਚ ਸਤੰਬਰ ਤੋਂ ਫੁੱਲ ਟਾਈਮ ਲਈ ਖੁੱਲ੍ਹ ਜਾਣਗੇ ਸਕੂਲ !



ਟੋਰਾਂਟੋ, 3 ਅਗਸਤ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਦੇ ਬੈਕ ਟੂ ਸਕੂਲ ਪਲੈਨ ਤਹਿਤ ਸਤੰਬਰ ਵਿੱਚ ਸਾਰੇ ਵਿਦਿਆਰਥੀ ਫੁੱਲ ਟਾਈਮ ਲਈ ਆਪਣੇ ਸਕੂਲਾਂ ਵਿੱਚ ਪਰਤਣਗੇ।

26 ਪੰਨਿਆਂ ਦੇ ਇਸ ਪਲੈਨ ਨੂੰ ਪ੍ਰੀਮੀਅਰ ਡੱਗ ਫੋਰਡ ਵੱਲੋਂ ਜੁਲਾਈ ਵਿੱਚ ਪੇਸ਼ ਕੀਤਾ ਜਾਣਾ ਸੀ। ਇਸ ਪਲੈਨ ਵਿੱਚ ਆਖਿਆ ਗਿਆ ਹੈ ਕਿ ਕਈ ਮਹੀਨਿਆਂ ਤੋਂ ਬਾਅਦ ਐਲੀਮੈਂਟਰੀ ਤੇ ਸੈਕੰਡਰੀ ਸਕੂਲਾਂ ਦੇ ਵਿਦਿਆਰਥੀ ਹਫਤੇ ਵਿੱਚ ਪੰਜ ਦਿਨ ਲਈ ਇਨ-ਪਰਸਨ ਸਕੂਲ ਆਉਣਗੇ। ਜਿਹੜੇ ਮਾਪਿਆਂ ਤੇ ਵਿਦਿਆਰਥੀਆਂ ਨੂੰ ਇਨ ਪਰਸਨ ਪੜ੍ਹਾਈ ਕਰਨ ਆਉਣ ਵਿੱਚ ਕੋਈ ਦਿੱਕਤ ਮਹਿਸੂਸ ਹੁੰਦੀ ਹੈ ਉਨ੍ਹਾਂ ਲਈ ਰਿਮੋਟ ਲਰਨਿੰਗ ਦਾ ਬਦਲ ਵੀ ਮੌਜੂਦ ਹੋਵੇਗਾ।

ਗ੍ਰੇਡ 1 ਤੋਂ ਲੈ ਕੇ ਗ੍ਰੇਡ 12 ਤੱਕ ਸਾਰੇ ਵਿਦਿਆਰਥੀਆਂ ਲਈ ਮਾਰਕਸ ਲਿਆਉਣੇ ਲਾਜ਼ਮੀ ਹੋਣਗੇ ਤੇ ਕਿੰਡਰਗਾਰਟਨ ਦੇ ਵਿਦਿਆਰਥੀਆਂ ਲਈ ਇਹ ਬਹੁਤੇ ਜ਼ਰੂਰੀ ਨਹੀਂ ਹੋਣਗੇ।ਪਰ ਫਿਰ ਵੀ ਉਨ੍ਹਾਂ ਲਈ ਵੀ ਮਾਰਕਸ ਲਿਆਉਣ ਦੀ ਸਿਫਾਰਿਸ਼ ਕੀਤੀ ਗਈ ਹੈ। ਇਸ ਪਲੈਨ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਸਕੂਲ ਬੋਰਡਜ਼ ਨੂੰ ਕੋਵਿਡ-19 ਦੇ ਹਾਲਾਤ ਵਿਗੜਨ ਦੀ ਸੰਭਾਵਨਾ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਲੋੜ ਪੈਣ ਉੱਤੇ ਸਕੂਲਾਂ ਨੂੰ ਬੰਦ ਵੀ ਕਰਨਾ ਪੈ ਸਕਦਾ ਹੈ ਤੇ ਉਨ੍ਹਾਂ ਨੂੰ ਅਜਿਹੇ ਪਲੈਨ ਵੀ ਤਿਆਰ ਰੱਖਣੇ ਚਾਹੀਦੇ ਹਨ ਤਾਂ ਕਿ ਵਿਦਿਆਰਥੀ ਲੋੜ ਪੈਣ ਉੱਤੇ ਰਿਮੋਟ ਲਰਨਿੰਗ ਵੀ ਕਰ ਸਕਣ।

ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਡਾ. ਕੀਰਨ ਮੂਰ ਨੇ ਆਖਿਆ ਕਿ ਉਹ ਨਹੀਂ ਚਾਹੁੰਦੇ ਕਿ ਕਿਸੇ ਵੀ ਕਾਰਨ ਓਨਟਾਰੀਓ ਦੇ ਸਕੂਲ, ਕਾਲਜ ਜਾਂ ਯੂਨੀਵਰਸਿਟੀਜ਼ ਬੰਦ ਹੋਣ।ਪਰ ਸਾਨੂੰ ਵਿੱਦਿਅਕ ਅਦਾਰਿਆਂ ਨੂੰ ਖੋਲ੍ਹਣ ਸਮੇਂ ਪੂਰੀ ਅਹਿਤਿਆਤ ਤੇ ਸਾਵਧਾਨੀ ਤੋਂ ਕੰਮ ਲੈਣ ਦੀ ਲੋੜ ਹੈ।ਇਸ ਬੈਕ ਟੂ ਪਲੈਨ ਬਾਰੇ ਨਾ ਤਾਂ ਫੋਰਡ ਤੇ ਨਾ ਹੀ ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਜਨਤਕ ਤੌਰ ਉੱਤੇ ਗੱਲ ਕੀਤੇ ਜਾਣ ਦੀ ਸੰਭਾਵਨਾ ਹੈ।

# ਕੈਨੇਡੀਅਨ ਪਾਰਟੀਆਂ ਅੰਦਰਖਾਤੇ ਕਰ ਰਹੀਆਂ ਹਨ ਚੋਣਾਂ ਦੀਆਂ ਤਿਆਰੀਆਂ?



ਓਟਵਾ, 3 ਅਗਸਤ (ਪੋਸਟ ਬਿਊਰੋ) : ਇਸ ਮਹੀਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਚੋਣਾਂ ਦਾ ਸੱਦਾ ਦਿੱਤੇ ਜਾਣ ਦੀਆਂ ਸੰਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਸਾਰੀਆਂ ਸਿਆਸੀ ਪਾਰਟੀਆਂ ਆਪੋ ਆਪਣੀ ਕੈਂਪੇਨ ਲਈ ਤਿਆਰੀਆਂ ਕਰ ਰਹੀਆਂ ਹਨ।ਪਰ ਨੈਸ਼ਨਲ ਮਾਡਲਿੰਗ ਅਨੁਸਾਰ ਦੇਸ਼ ਵਿੱਚ ਕੋਵਿਡ-19 ਦੀ ਚੌਥੀ ਵੇਵ ਵੀ ਆ ਸਕਦੀ ਹੈ।

ਇਸ ਦੌਰਾਨ ਐਨਡੀਪੀ ਆਗੂ ਜਗਮੀਤ ਸਿੰਘ ਨੇ ਮੰਗਲਵਾਰ ਨੂੰ ਆਖਿਆ ਕਿ ਚੋਣਾਂ ਕਰਵਾਉਣ ਲਈ ਇਹ ਸਹੀ ਸਮਾਂ ਨਹੀਂ ਹੈ। ਉਨ੍ਹਾਂ ਆਖਿਆ ਕਿ ਇਸ ਸਮੇਂ ਪ੍ਰਧਾਨ ਮੰਤਰੀ ਦਾ ਧਿਆਨ ਮਹਾਂਮਾਰੀ ਦੀ ਮਾਰ ਝੱਲ ਰਹੇ ਲੋਕਾਂ ਦੀ ਮਦਦ ਕਰਨ ਵੱਲ ਹੋਣਾ ਚਾਹੀਦਾ ਹੈ।ਇਸ ਦੇ ਨਾਲ ਹੀ ਵੱਧ ਤੋਂ ਵੱਧ ਲੋਕਾਂ ਦੇ ਵੈਕਸੀਨ ਲਵਾਉਣ ਵੱਲ ਵੀ ਧਿਆਨ ਦਿੱਤੇ ਜਾਣ ਦੀ ਲੋੜ ਹੈ।ਮਹਾਂਮਾਰੀ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਜਗਮੀਤ ਸਿੰਘ ਚੋਣਾਂ ਕਰਵਾਉਣ ਦੇ ਖਿਲਾਫ ਹੀ ਰਹੇ ਹਨ।ਪਰ ਉਨ੍ਹਾਂ ਵੱਲੋਂ ਨਵ-ਨਿਯੁਕਤ ਗਵਰਨਰ ਜਨਰਲ ਮੈਰੀ ਸਾਇਮਨ ਨੂੰ ਪਿੱਛੇ ਜਿਹੇ ਲਿਖੇ ਪੱਤਰ ਵਿੱਚ ਇਹ ਆਖਿਆ ਗਿਆ ਕਿ ਇਸ ਸਮੇਂ ਚੋਣਾਂ ਕਰਵਾਉਣ ਦੀ ਉਦੋਂ ਤੱਕ ਕੋਈ ਤੁਕ ਨਹੀਂ ਬਣਦੀ, ਜਦੋਂ ਤੱਕ ਟਰੂਡੋ ਨੂੰ ਹੋਰ ਸ਼ਕਤੀਆਂ ਨਾ ਚਾਹੀਦੀਆਂ ਹੋਣ।

ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਚੋਣਾਂ ਦੀਆਂ ਸੰਭਾਵਨਾਵਾਂ ਬਾਰੇ ਆਖਿਆ ਕਿ ਉਨ੍ਹਾਂ ਨੂੰ ਜੁਲਾਈ ਵਿੱਚ ਅਲਬਰਟਾ ਜਾ ਕੇ ਕਾਫੀ ਖੁਸ਼ੀ ਹੋਈ ਸੀ ਤੇ ਅੱਗੇ ਵੀ ਦੇਸ਼ ਭਰ ਵਿੱਚ ਲੋਕਾਂ ਨੂੰ ਮਿਲ ਕੇ ਕਾਫੀ ਚੰਗਾ ਲੱਗੇਗਾ। ਪਰ ਉਨ੍ਹਾਂ ਦੇ ਕੁੱਝ ਉੱਘੇ ਸਟਾਫਰਜ਼ ਦਾ ਕਹਿਣਾ ਹੈ ਕਿ ਚੋਣਾਂ ਕਰਵਾਉਣ ਲਈ ਇਹ ਸਹੀ ਸਮਾਂ ਨਹੀਂ ਹੈ।

ਇਸ ਦੌਰਾਨ ਸ਼ੁੱਕਰਵਾਰ ਨੂੰ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਨਵੀਂ ਮਾਡਲਿੰਗ ਅਨੁਸਾਰ ਇੱਕ ਪਾਸੇ ਦੇਸ਼ ਵਿੱਚ ਰੀਓਪਨਿੰਗ ਪਲੈਨਜ਼ ਅਮਲ ਵਿੱਚ ਲਿਆਂਦੇ ਜਾ ਰਹੇ ਹਨ ਤੇ ਦੂਜੇ ਪਾਸੇ ਇੱਕ ਵਾਰੀ ਫਿਰ ਕੋਵਿਡ-19 ਦੇ ਮਾਮਲਿਆਂ ਵਿੱਚ ਇਜਾਫਾ ਹੋਣਾ ਸ਼ੁਰੂ ਹੋ ਗਿਆ ਹੈ। ਡੈਲਟਾ ਵੇਰੀਐਂਟ ਕਾਰਨ ਕੋਵਿਡ-19 ਦੇ ਮਾਮਲਿਆਂ ਦੇ ਹੋਰ ਤੇਜ਼ੀ ਨਾਲ ਵਧਣ ਦਾ ਖਦਸ਼ਾ ਹੈ।ਨੈਨੋਜ਼ ਵੱਲੋਂ ਕਰਵਾਏ ਗਏ ਸਰਵੇਖਣ ਅਨੁਸਾਰ ਪੰਜ ਵਿੱਚੋਂ ਤਿੰਨ ਕੈਨੇਡੀਅਨਜ਼ ਦਾ ਮੰਨਣਾ ਹੈ ਕਿ ਇਸ ਸਮੇਂ ਚੋਣਾਂ ਕਰਵਾਈਆਂ ਜਾਣੀਆਂ ਸਹੀ ਕਦਮ ਨਹੀਂ ਹੋਵੇਗਾ।ਨੈਨੋਜ਼ ਦੇ ਤਾਜ਼ਾ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 34.8 ਫੀ ਸਦੀ ਕੈਨੇਡੀਅਨਜ਼ ਨੇ ਆਖਿਆ ਕਿ ਇਸ ਸਮੇਂ ਚੋਣਾਂ ਕਰਵਾਈਆਂ ਜਾਣਾ ਜ਼ਰੂਰੀ ਨਹੀਂ ਤੇ 22.8 ਫੀ ਸਦੀ ਨੇ ਆਖਿਆ ਕਿ ਇਹ ਕੁੱਝ ਹੱਦ ਤੱਕ ਗੈਰ ਜ਼ਰੂਰੀ ਹਨ। ਸਿਰਫ 15 ਫੀ ਸਦੀ ਨੇ ਆਖਿਆ ਕਿ ਇਹ ਜ਼ਰੂਰੀ ਹਨ ਜਦਕਿ ਹੋਰਨਾਂ 23.1 ਫੀ ਸਦੀ ਨੇ ਆਖਿਆ ਕਿ ਇਹ ਕੁੱਝ ਹੱਦ ਤੱਕ ਜ਼ਰੂਰੀ ਹਨ। 4.2 ਫੀ ਸਦੀ ਨੇ ਆਖਿਆ ਕਿ ਉਨ੍ਹਾਂ ਨੂੰ ਪੱਕਾ ਨਹੀਂ ਪਤਾ ਕਿ ਚੋਣਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ ਜਾਂ ਨਹੀਂ।

ਇਸ ਸੱਭ ਕਾਸੇ ਦੇ ਬਾਵਜੂਦ ਸਿਆਸੀ ਪਾਰਟੀਆਂ ਅੰਦਰਖਾਤੇ ਚੋਣਾਂ ਦੀਆਂ ਤਿਆਰੀਆਂ ਕਰੀ ਵੀ ਜਾ ਰਹੀਆਂ ਹਨ। ਪਾਰਟੀਆਂ ਵੱਲੋਂ ਚੋਣ ਕੈਂਪੇਨ ਲਈ ਵੀ ਕਮਰ ਕੱਸੀ ਜਾ ਰਹੀ ਹੈ ਤੇ ਆਪਣੇ ਪਾਰਟੀ ਉਮੀਦਵਾਰਾਂ ਦੇ ਨਾਂ ਵੀ ਤੈਅ ਕੀਤੇ ਜਾ ਰਹੇ ਹਨ।

## ਅਜੇ ਵੀ ਵਿਰੋਧੀਆਂ ਤੋਂ ਅੱਗੇ ਹਨ ਟਰੂਡੋ ਦੇ ਲਿਬਰਲ : ਰਿਪੋਰਟ

ਓਟਵਾ, 3 ਅਗਸਤ (ਪੋਸਟ ਬਿਊਰੋ) : ਸੰਭਾਵੀ ਚੋਣਾਂ ਤੋਂ ਕੁੱਝ ਹਫਤੇ ਪਹਿਲਾਂ ਕਰਵਾਏ ਗਏ ਇੱਕ ਸਰਵੇਖਣ ਤੋਂ ਇਹ ਸਿੱਧ ਹੋ ਗਿਆ ਹੈ ਕਿ ਫੈਡਰਲ ਲਿਬਰਲ ਵੋਟਰਜ਼ ਦੇ ਸਮਰਥਨ ਦੇ ਮਾਮਲੇ ਵਿੱਚ ਕੈਨੇਡਾ ਦੀਆਂ ਹੋਰਨਾਂ ਸਿਆਸੀ ਪਾਰਟੀਆਂ ਤੋਂ ਅਜੇ ਵੀ ਅੱਗੇ ਚੱਲ ਰਹੇ ਹਨ। ਲੈਗਰ ਐਂਡ ਦ ਐਸੋਸਿਏਸ਼ਨ ਫੌਰ ਕੈਨੇਡੀਅਨ ਸਟੱਡੀਜ਼ ਵੱਲੋਂ ਕਰਵਾਏ ਗਏ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ 29 ਫੀ ਸਦੀ ਕੈਨੇਡੀਅਨਜ਼ ਦਾ ਕਹਿਣਾ ਹੈ ਕਿ ਜੇ ਅੱਜ ਚੋਣਾਂ ਕਰਵਾਈਆਂ ਜਾਣ ਤਾਂ ਉਹ ਲਿਬਰਲਾਂ ਨੂੰ ਹੀ ਵੋਟ ਕਰਨਗੇ। ਦੋ ਹਫਤੇ ਪਹਿਲਾਂ ਨਾਲੋਂ ਇਹ ਇੱਕ ਅੰਕ ਜ਼ਿਆਦਾ ਹਨ। ਇਸ ਮਾਮਲੇ ਵਿੱਚ 24 ਫੀ ਸਦੀ ਸਮਰਥਨ ਹਾਸਲ ਕਰਕੇ ਕੰਜ਼ਰਵੇਟਿਵ ਦੂਸਰੇ ਸਥਾਨ ਉੱਤੇ ਹਨ ਜਦਕਿ ਐਨਡੀਪੀ 16 ਫੀ ਸਦੀ ਸਮਰਥਕਾਂ ਦੇ ਸਾਥ ਨਾਲ ਤੀਜੇ ਸਥਾਨ ਉੱਤੇ ਹੈ।

ਬਲਾਕ ਕਿਊਬਿਕੁਆ ਤੇ ਗ੍ਰੀਨਜ਼ ਕ੍ਰਮਵਾਰ ਸੱਤਵੇਂ ਤੇ ਚੌਥੇ ਸਥਾਨ ਉੱਤੇ ਹਨ ਤੇ ਪੀਪਲਜ਼ ਪਾਰਟੀ ਆਫ ਕੈਨੇਡਾ ਤਿੰਨ ਫੀ ਸਦੀ ਨਾਲ ਆਖਰੀ ਸਥਾਨ ਉੱਤੇ ਹੈ। ਕਈ ਮਾਹਿਰਾਂ ਵੱਲੋਂ ਕੀਤੀ ਗਈ ਪੇਸ਼ੀਨਿਗੋਈ ਅਨੁਸਾਰ ਇਸ ਮਹੀਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਚੋਣਾਂ ਦਾ ਸੱਦਾ ਦੇ ਸਕਦੇ ਹਨ। ਇਸ ਸਰਵੇਖਣ ਦੇ ਨਤੀਜੇ ਵੀ ਇਹੋ ਆਖਦੇ ਹਨ ਕਿ ਹਵਾ ਦਾ ਰੁਖ ਲਿਬਰਲਾਂ ਵੱਲ ਹੈ। ਲੈਗਰ ਦੇ ਐਗਜ਼ੈਕਟਿਵ ਤੇ ਵਾਈਸ ਪ੍ਰੈਜ਼ੀਡੈਂਟ ਕ੍ਰਿਸਚੀਅਨ ਬੌਰਕ ਦਾ ਕਹਿਣਾ ਹੈ ਕਿ ਇਸ ਨਾਲ ਟੋਰੀਜ਼ ਤੇ ਨਿਊ ਡੈਮੋਕ੍ਰੈਟਸ ਨੂੰ ਨੁਕਸਾਨ ਹੋ ਸਕਦਾ ਹੈ।

Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Raj & Gulshan Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd.
1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
2GB
$35/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 2GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਮਾਂਟਰੀਅਲ ਵਿੱਚ ਚੱਲੀਆਂ ਗੋਲੀਆਂ, 3 ਹਲਾਕ

...ਪੰਨਾ 1 ਦਾ ਬਾਕੀ

ਰਾਤੀਂ 9:30 ਵਜੇ ਪੁਲਿਸ ਨੇ ਦੱਸਿਆ ਕਿ ਗੋਲੀਆਂ ਤਿੰਨ ਵਿਅਕਤੀਆਂ ਨੂੰ ਲੱਗੀਆਂ, ਜਿਨ੍ਹਾਂ ਵਿੱਚੋਂ ਇੱਕ ਦੀ ਮੌਤ ਉੱਥੇ ਹੀ ਹੋ ਗਈ, ਦੂਜੇ ਦੀ ਮੌਤ ਅੱਧੀ ਰਾਤ ਤੋਂ ਠੀਕ ਪਹਿਲਾਂ ਹੋਈ ਤੇ ਤੀਜੇ ਦੀ ਮੌਤ ਮੰਗਲਵਾਰ ਤੜ੍ਹਕੇ ਹੋ ਗਈ। ਦੋ ਹੋਰ ਵਿਅਕਤੀ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ। ਮਾਰੇ ਗਏ ਵਿਅਕਤੀਆਂ ਵਿੱਚੋਂ ਦੋ ਦੀ ਉਮਰ 29 ਸਾਲ ਤੇ ਤੀਜੇ ਦੀ ਉਮਰ 63 ਸਾਲ ਸੀ।

ਮਾਂਟਰੀਅਲ ਪੁਲਿਸ ਇੰਸਪੈਕਟਰ ਡੇਵਿਡ ਸੇਨ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਦੋ ਹੋਰ ਵਿਅਕਤੀ ਹਸਪਤਾਲ ਵਿੱਚ ਹੀ ਦਾਖਲ ਹਨ ਤੇ ਉਨ੍ਹਾਂ ਦੀ ਹਾਲਤ ਸਥਿਰ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਸਾਰੇ ਹੀ ਵਿਅਕਤੀਆਂ ਨੂੰ ਜਾਣਦੀ ਸੀ। ਉਨ੍ਹਾਂ ਦੱਸਿਆ ਕਿ ਇਸ ਇਮਾਰਤ ਨੂੰ ਪਹਿਲਾਂ ਵੀ 5 ਜੂਨ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਪਰ ਉਸ ਸਮੇਂ ਕੋਈ ਜਾਨੀ ਨੁਕਸਾਨ ਨਹੀਂ ਸੀ ਹੋਇਆ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਪੈਂਟਾਗਨ ਦੇ ਬਾਹਰ ਹਿੰਸਕ ਵਾਰਦਾਤ, ਛੁਰੇਬਾਜ਼ੀ ਕਾਰਨ ਇੱਕ ਅਧਿਕਾਰੀ ਦੀ ਹੋਈ ਮੌਤ



ਵਾਸ਼ਿੰਗਟਨ, 3 ਅਗਸਤ (ਪੋਸਟ ਬਿਊਰੋ) : ਪੈਂਟਾਗਨ ਦੇ ਬਾਹਰ ਟਰਾਂਜ਼ਿਟ ਸਟੇਸ਼ਨ ਉੱਤੇ ਹਿੰਸਕ ਵਾਰਦਾਤ ਦੌਰਾਨ ਗੋਲੀਆਂ ਚੱਲੀਆਂ ਤੇ ਇੱਕ ਅਧਿਕਾਰੀ ਉੱਤੇ ਚਾਕੂ ਨਾਲ ਹਮਲਾ ਕੀਤਾ ਗਿਆ ਤੇ ਉਸ ਅਧਿਕਾਰੀ ਦੀ ਮੌਤ ਹੋ ਗਈ। ਇਹ ਜਾਣਕਾਰੀ ਪੁਲਿਸ ਅਧਿਕਾਰੀਆਂ ਨੇ ਦਿੱਤੀ।

ਇੱਥੇ ਚੱਲੀਆਂ ਗੋਲੀਆਂ ਤੋਂ ਬਾਅਦ ਪੈਂਟਾਗਨ ਨੂੰ ਇੱਕ ਘੰਟੇ ਤੋਂ ਵੀ ਵੱਧ ਸਮੇਂ ਤੱਕ ਬੰਦ ਰੱਖਿਆ ਗਿਆ। ਇਸ ਸਬੰਧ ਵਿੱਚ ਹੋਰ ਵੇਰਵੇ ਪੈਂਟਾਗਨ ਦੀ ਨਿਊਜ਼ ਕਾਨਫਰੰਸ ਵਿੱਚ ਸਾਹਮਣੇ ਆਉਣ ਦੀ ਸੰਭਾਵਨਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੰਗਲਵਾਰ ਸਵੇਰੇ ਪੈਂਟਾਗਨ ਦੀ ਐਂਟਰੈਂਸ ਨੇੜੇ ਗੋਲੀਆਂ ਚੱਲਣ ਨਾਲ ਕਈ ਲੋਕ ਜ਼ਖ਼ਮੀ ਹੋ ਗਏ। ਇਸ ਤੋਂ ਫੌਰੀ ਬਾਅਦ ਅਮਰੀਕੀ ਮਿਲਟਰੀ ਦੇ ਹੈੱਡਕੁਆਰਟਰ ਨੂੰ ਆਰਜ਼ੀ ਤੌਰ ਉੱਤੇ ਸਾਰੇ ਪਾਸਿਆਂ ਤੋਂ ਬੰਦ ਕਰ ਦਿੱਤਾ ਗਿਆ।

ਆਰਲਿੰਗਟਨ ਕਾਊਂਟੀ ਫਾਇਰ ਡਿਪਾਰਟਮੈਂਟ ਵੱਲੋਂ ਕਈ ਵਿਅਕਤੀਆਂ ਦੇ ਜ਼ਖ਼ਮੀ ਹੋਣ ਦੀ ਜਾਣਕਾਰੀ ਦਿੱਤੀ ਗਈ ਪਰ ਅਜੇ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਨ੍ਹਾਂ ਲੋਕਾਂ ਨੂੰ ਗੋਲੀਆਂ ਲੱਗੀਆਂ ਹਨ ਜਾਂ ਇਹ ਲੋਕ ਕਿਸ ਹੱਦ ਤੱਕ ਜ਼ਖ਼ਮੀ ਹੋਏ ਹਨ। ਇਹ ਘਟਨਾ ਮੈਟਰੋ ਬੱਸ ਪਲੇਟਫਾਰਮ, ਜੋ ਕਿ ਪੈਂਟਾਗਨ ਟਰਾਂਜ਼ਿਟ ਸੈਂਟਰ ਦਾ ਹਿੱਸਾ ਹੈ, ਉੱਤੇ ਵਾਪਰੀ। ਇਸ ਦੀ ਜਾਣਕਾਰੀ ਪੈਂਟਾਗਨ ਪ੍ਰੋਟੈਕਸ਼ਨ ਫੋਰਸ ਪ੍ਰੋਟੈਕਸ਼ਨ ਏਜੰਸੀ ਵੱਲੋਂ ਦਿੱਤੀ ਗਈ।









## ਅੱਜ ਨਾਮਾ

ਆਉਂਦਾ ਲੱਗਦਾ ਕੋਰੋਨਾ ਹੈ ਫੇਰ ਮਿੱਤਰ,
ਲੱਗੇ ਹਨ ਅਵਾੜੇ ਜਿਹੇ ਆਉਣ ਮਿੱਤਰ।
ਤਾਮਿਲ, ਕੇਰਲਾ ਵੱਲ ਆ ਧਮਕ ਸੁਣਦੀ,
ਲੱਗਾ ਹੋਰ ਕਈ ਰਾਜ ਹਿਲਾਉਣ ਮਿੱਤਰ।
ਹੋਇਆ ਮਈ-ਅਪਰੈਲ ਦੇ ਵਿੱਚ ਕੀ ਸੀ,
ਆਊ ਚੇਤਾ ਫਿਰ ਕੌਣ ਕਰਾਉਣ ਮਿੱਤਰ।
ਕਰੀਏ ਅਕਲ ਅਗੇਤੀ ਤਾਂ ਸੁੱਖ ਰਹਿਣੀ,
ਵਰਨਾ ਪਊਗਾ ਪੱਲੇ ਪਛਤਾਉਣ ਮਿੱਤਰ।
ਮਾਰੀ ਸੁਰਤ ਪਈ ਫੇਰ ਅਮਰੀਕਨਾਂ ਦੀ,
ਚਿੰਤਾ ਹੋਰ ਕਈ ਦੇਸ਼ਾਂ ਨੂੰ ਪਈ ਮਿੱਤਰ।
ਵਕਤ ਖੁੰਝਿਆ ਹੱਥ ਨਹੀਂ ਫੇਰ ਆਉਣਾ,
ਡੋਰ ਹੱਥਾਂ 'ਚੋਂ ਨਿਕਲ ਜੇ ਗਈ ਮਿੱਤਰ।

**ਤੀਸ ਮਾਰ ਖਾਂ**

# ਕੋਵਿਡ-19 ਦੇ ਵਧ ਰਹੇ ਮਾਮਲਿਆਂ ਦਰਮਿਆਨ ਅਮਰੀਕਾ ਨੇ 70 ਫੀ ਸਦੀ ਵੈਕਸੀਨੇਸ਼ਨ ਦਾ ਟੀਚਾ ਕੀਤਾ ਪੂਰਾ

ਵਾਸ਼ਿੰਗਟਨ, 3 ਅਗਸਤ (ਪੋਸਟ ਬਿਊਰੋ) : ਸੋਮਵਾਰ ਨੂੰ ਅਮਰੀਕਾ ਨੇ ਵੀ 70 ਫੀ ਸਦੀ ਕੋਵਿਡ-19 ਵੈਕਸੀਨੇਸ਼ਨ ਦਾ ਟੀਚਾ ਪੂਰਾ ਕਰ ਲਿਆ। ਹੁਣ 70 ਫੀ ਸਦੀ ਅਮੈਰੀਕਨ ਬਾਲਗਾਂ ਨੂੰ ਕੋਵਿਡ-19 ਦਾ ਘੱਟੋ ਘੱਟ ਇੱਕ ਟੀਕਾ ਲੱਗ ਚੁੱਕਿਆ ਹੈ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਇਹ ਟੀਚਾ ਜਲਦ ਪੂਰਾ ਕਰਨਾ ਚਾਹੁੰਦੇ ਸਨ ਪਰ ਉਨ੍ਹਾਂ ਦੇ ਅੰਦਾਜ਼ੇ ਨਾਲੋਂ ਇੱਕ ਮਹੀਨਾ ਦੇਰ ਨਾਲ ਇਸ ਨੂੰ ਹਾਸਲ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਇੱਕ ਪਾਸੇ ਪੂਰੀ ਦੁਨੀਆ ਦੇ ਨਾਲ ਨਾਲ ਅਮਰੀਕਾ ਵਿੱਚ ਵੀ ਡੈਲਟਾ ਵੇਰੀਐਂਟ ਸਿਰ ਚੁੱਕ ਰਿਹਾ ਹੈ ਉੱਥੇ ਹੀ ਹਸਪਤਾਲਾਂ ਵਿੱਚ ਇੱਕ ਵਾਰੀ ਫਿਰ ਕੋਵਿਡ-19 ਦੇ ਮਰੀਜ਼ਾਂ ਦੀ ਗਿਣਤੀ ਵਿੱਚ ਇਜਾਫਾ ਹੋਣਾ ਸ਼ੁਰੂ ਹੋ ਗਿਆ ਹੈ। ਇਸ ਦੇ ਨਾਲ ਹੀ ਦੇਸ਼ ਭਰ ਵਿੱਚ ਮਾਸਕ ਨੂੰ ਲੈ ਕੇ ਨਵੇਂ ਨਿਯਮ ਬਣ ਗਏ ਹਨ ਤੇ ਵੈਕਸੀਨੇਸ਼ਨ ਦੀ ਲਾਜ਼ਮੀ ਕਰ ਦਿੱਤੀ ਗਈ ਹੈ। ਲੂਜ਼ੀਆਨਾ ਵਿੱਚ ਭਾਵੇਂ ਕਿਸੇ ਨੇ ਟੀਕਾਕਰਣ ਕਰਵਾਇਆ ਹੈ ਜਾਂ ਨਹੀਂ, ਹਰ ਕਿਸੇ ਨੂੰ ਸਾਰੀਆਂ ਇੰਡੋਰ ਪਬਲਿਕ ਸੈਟਿੰਗਜ਼, ਜਿਨ੍ਹਾਂ ਵਿੱਚ ਸਕੂਲ ਤੇ ਕਾਲਜ ਵੀ ਸ਼ਾਮਲ ਹਨ, ਵਿੱਚ ਮਾਸਕ ਲਾਜ਼ਮੀ ਕਰ ਦਿੱਤੇ




ਹਨ। ਕਈ ਹੋਰਨਾਂ ਸ਼ਹਿਰਾਂ ਤੇ ਸਟੇਟਸ ਵਿੱਚ ਵੀ ਕੋਵਿਡ-19 ਨਾਲ ਸਬੰਧਤ ਅਜਿਹੇ ਨਿਯਮਾਂ ਨੂੰ ਮੁੜ ਲਾਗੂ ਕੀਤਾ ਜਾ ਰਿਹਾ ਹੈ।

ਮਾਇਆਮੀ ਦੇ ਬੈਪਟਿਸਟ ਹੌਸਪਿਟਲ ਦੇ ਚੀਫ ਮੈਡੀਕਲ ਆਫੀਸਰ ਡਾ. ਸਰਜੀਓ ਸੇਗਾਰਾ ਨੇ ਦੱਸਿਆ ਕਿ ਜਿੰਨੀ ਜਲਦੀ ਅਸੀਂ ਲੋਕਾਂ ਨੂੰ ਠੀਕ ਕਰਕੇ ਭੇਜ ਰਹੇ ਹਾਂ ਓਨੀ ਹੀ ਜਲਦੀ ਉਹ ਵਾਪਿਸ ਆ ਰਹੇ ਹਨ ਤੇ ਇਸ ਵਾਰੀ ਲੋਕ ਕਾਫੀ ਜ਼ਿਆਦਾ ਬਿਮਾਰ ਪੈ ਰਹੇ ਹਨ। ਇੱਕ ਜੀਅ ਨਹੀਂ ਸਗੋਂ ਪੂਰੇ ਦੇ ਪੂਰੇ ਪਰਿਵਾਰ ਇਸ ਵਾਇਰਸ ਦੀ ਚਪੇਟ ਵਿੱਚ ਆ ਰਹੇ ਹਨ। ਫਲੋਰਿਡਾ ਦੇ ਮੈਡੀਕਲ ਸੈਂਟਰ ਵੱਲੋਂ ਪਿਛਲੇ ਦੋ ਹਫਤਿਆਂ ਵਿੱਚ ਹਸਪਤਾਲ ਵਿੱਚ ਦਾਖਲ ਹੋਣ ਵਾਲਿਆਂ ਦੀ ਗਿਣਤੀ ਵਿੱਚ 140 ਫੀ ਸਦੀ ਵਾਧੇ ਦਾ ਦਾਅਵਾ ਕੀਤਾ ਗਿਆ ਹੈ।

ਬਾਇਡਨ ਵੱਲੋਂ 4 ਜੁਲਾਈ ਤੱਕ 70 ਫੀ ਦੀ ਵੈਕਸੀਨੇਸ਼ਨ ਦਾ ਟੀਚਾ ਮਿਥਿਆ ਗਿਆ ਸੀ। ਸਰਕਾਰ ਨੂੰ ਆਸ ਸੀ ਕਿ ਇਸ ਨਾਲ ਵੱਡੀ ਪੱਧਰ ਉੱਤੇ ਇਮਿਊਨਿਟੀ ਹਾਸਲ ਕੀਤੀ ਜਾ ਸਕਦੀ ਹੈ।ਪਰ ਡੈਲਟਾ ਵੇਰੀਐਂਟ ਦੇ ਸਾਹਮਣੇ ਇਹ ਟੀਚਾ ਵੀ ਫਿੱਕਾ ਪੈਂਦਾ ਨਜ਼ਰ ਆ ਰਿਹਾ ਹੈ। ਪਿਛਲੇ ਮਹੀਨੇ ਅਮਰੀਕਾ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਛੇ ਗੁਣਾਂ ਵਾਧਾ ਹੋਇਆ ਹੈ ਤੇ ਮਰਨ ਵਾਲਿਆਂ ਦੀ ਗਿਣਤੀ ਵੀ ਪਿਛਲੇ ਦੋ ਹਫਤਿਆਂ ਵਿੱਚ ਰੋਜ਼ਾਨਾ 259 ਦੇ ਮੁਕਾਬਲੇ 360 ਤੱਕ ਪਹੁੰਚ ਗਈ ਹੈ।

# ਮਿਨੀਵੈਨ ਨੂੰ ਪੇਸ਼ ਆਏ ਹਾਦਸੇ ਕਾਰਨ 6 ਜ਼ਖ਼ਮੀ

ਓਨਟਾਰੀਓ, 3 ਅਗਸਤ (ਪੋਸਟ ਬਿਊਰੋ) : ਸੇਂਟ ਕੈਥਰੀਨਜ਼ ਨੇੜੇ ਕਿਊ ਈ ਡਬਲਿਊ ਉੱਤੇ ਇੱਕ ਮਿਨੀਵੈਨ ਦੇ ਪਿੱਛਿਓਂ ਆ ਕੇ ਟਕਰਾਈ ਹੋਰ ਗੱਡੀ ਕਾਰਨ ਛੇ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।

ਇਹ ਹਾਦਸਾ ਮੰਗਲਵਾਰ ਦੁਪਹਿਰ ਨੂੰ ਸੇਂਟ ਕੈਥਰੀਨਜ਼ ਦੇ ਪੱਛਮ ਵੱਲ ਵਿਕਟੋਰੀਆ ਐਵਨਿਊ ਨੇੜੇ ਹਾਈਵੇਅ ਦੀਆਂ ਫੋਰਟ ਐਰੀ ਵੱਲ ਜਾਣ ਵਾਲੀਆਂ ਲੇਨਜ਼ ਉੱਤੇ ਹੋਇਆ। ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਨੇ ਦੱਸਿਆ ਕਿ ਮਿਨੀਵੈਨ ਦੇ ਟਰੈਫਿਕ ਵਿੱਚ ਰਫਤਾਰ ਘੱਟ ਕਰਨ ਕਾਰਨ ਇਹ ਹਾਦਸਾ ਵਾਪਰਿਆ।ਇੱਕ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਏਅਰ ਐਂਬੂਲੈਂਸ




ਰਾਹੀਂ ਟਰੌਮਾ ਸੈਂਟਰ ਲਿਜਾਇਆ ਗਿਆ ਜਦਕਿ ਵੈਨ ਵਿੱਚ ਸਵਾਰ ਪੰਜ ਹੋਰਨਾਂ ਜ਼ਖ਼ਮੀ ਵਿਅਕਤੀਆਂ ਨੂੰ ਲੋਕਲ ਹਸਪਤਾਲਾਂ ਵਿੱਚ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਹੋਰ ਵਿਅਕਤੀ ਵੀ ਜ਼ਖ਼ਮੀ ਹੋਇਆ ਜਿਹੜਾ ਦੂਜੀ ਗੱਡੀ ਵਿੱਚ ਸਵਾਰ ਸੀ। ਇਸ ਹਾਦਸੇ ਕਾਰਨ ਕਈ ਘੰਟਿਆਂ ਲਈ ਵਿਕਟੋਰੀਆ ਐਵਨਿਊ ਉੱਤੇ ਫੋਰਟ ਐਰੀ ਜਾਣ ਵਾਲੀਆਂ ਲੇਨਜ਼ ਬੰਦ ਰਹੀਆਂ। ਓਪੀਪੀ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਸੁਮੇਧ ਸਿੰਘ ਸੈਣੀ ਨੂੰ ਰਾਹਤ: ਕੋਟਕਪੂਰਾ ਗੋ.ਲੀ ਕਾਂਡ ਕੇਸ ਵਿੱਚ ਹਾਈ ਕੋਰਟ ਵੱਲੋਂ ਅਗਾਊਂ ਜ਼ਮਾਨਤ ਪ੍ਰਵਾਨ

ਚੰਡੀਗੜ੍ਹ, 3 ਅਗਸਤ, (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਸਾਬਕਾ ਮੁਖੀ(ਡੀਜੀਪੀ) ਸੁਮੇਧ ਸਿੰਘ ਸੈਣੀ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅੱਜ ਮੰਗਲਵਾਰ ਨੂੰ ਕੋਟਕਪੂਰਾ ਗੋ.ਲੀ ਕਾਂਡ ਕੇਸ ਵਿੱਚ ਉਨ੍ਹਾਂ ਦੇ ਖ਼ਿਲਾਫ਼ ਦਰਜ ਕੇਸ ਵਿੱਚ ਅਗਾਊਂ ਜ਼ਮਾਨਤ ਦੇ ਦਿੱਤੀ ਅਤੇ ਪੰਜਾਬ ਸਰਕਾਰ ਨੂੰ ਆਦੇਸ਼ ਦਿੱਤੇ ਹਨ ਕਿ ਜੇ ਇਸ ਕੇਸ ਵਿੱਚ ਸਰਕਾਰ ਸੈਣੀ ਤੋਂ ਕੁਝ ਪੁੱਛਗਿੱਛ ਕਰਨੀ ਚਾਹੇ ਤਾਂ ਇਸ ਦੇ ਲਈ ਉਸ ਨੂੰ ਪਹਿਲਾਂ 7 ਦਿਨ ਦਾ ਨੋਟਿਸ ਦੇਣਾ ਪਵੇਗਾ।

ਸੁਮੇਧ ਸਿੰਘ ਸੈਣੀ ਵੱਲੋਂ ਇਸ ਕੇਸ ਵਿੱਚ ਦਰਜ ਸ਼ਿਕਾਇਤ ਵਿੱਚ ਅਗਾਊਂ ਜ਼ਮਾਨਤ ਦਿੱਤੇ ਜਾਣ ਦੀ ਮੰਗ



ਬਾਰੇ ਦਾਇਰ ਕੀਤੀ ਗਈ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏਜਸਟਿਸ ਅਵਨੀਸ਼ ਝਿੰਗਨ ਨੇ ਇਹ ਆਦੇਸ਼ ਦਿੱਤਾ ਹੈ। ਸੈਣੀ ਨੂੰ ਬਹਿਬਲ ਕਲਾਂ ਗੋ.ਲੀ ਕਾਂਡ ਕੇਸ ਵਿੱਚ ਅਗਾਊਂ ਜ਼ਮਾਨਤ ਪਹਿਲਾਂ ਮਿਲ ਚੁੱਕੀ ਹੈ।ਅੱਜ ਉਸ ਨੂੰ ਕੋਟਕਪੂਰਾ ਵਿੱਚਉਸ ਦੇ ਖ਼ਿਲਾਫ਼ਦਰਜ ਹੋਏ ਕੇਸ ਵਿੱਚ ਵੀ ਅਗਾਊਂ ਜ਼ਮਾਨਤ ਦੇ ਦਿੱਤੀ ਗਈ ਹੈ। ਇਹ ਕੇਸ ਫਰੀਦਕੋਟ ਦੀ ਟ੍ਰਾਇਲ ਕੋਰਟ ਵਿੱਚ ਚੱਲ ਰਿਹਾ ਹੈ, ਜਿਸ ਵਿੱਚ ਸੈਣੀ ਦੇਖ਼ਿਲਾਫ਼ ਚਲਾਣ ਵੀ ਪੇਸ਼ ਕੀਤਾ ਜਾ ਚੁੱਕਾ ਹੈ।

ਵਰਨਣ ਯੋਗ ਹੈ ਕਿ ਸੁਮੇਧ ਸਿੰਘ ਸੈਣੀ ਨੇ ਪਹਿਲਾਂ ਇਸ ਕੇਸ ਵਿੱਚ ਟ੍ਰਾਇਲ ਕੋਰਟ ਤੋਂ ਅਗਾਊਂ ਜ਼ਮਾਨਤ ਮੰਗੀ ਸੀ, ਜਿਸ ਨੂੰ ਟ੍ਰਾਇਲ ਕੋਰਟ ਨੇ ਰੱਦ ਕਰ ਦਿੱਤਾ ਸੀ।ਉਸ ਤੋਂ ਬਾਅਦ ਸੈਣੀ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਅਗਾਊਂ ਜ਼ਮਾਨਤਦੀ ਮੰਗ ਕੀਤੀ ਸੀ। ਮਾਰਚ ਵਿੱਚ ਹਾਈ ਕੋਰਟ ਨੇ ਸੈਣੀ ਨੂੰ ਅਗਾਊਂ ਜ਼ਮਾਨਤ ਦੇ ਦਿੱਤੀ ਅਤੇ ਅੱਜ ਮੰਗਲਵਾਰ ਨੂੰ ਹਾਈ ਕੋਰਟ ਨੇ ਸਾਰੀਆਂ ਧਿਰਾਂ ਨੂੰ ਸੁਣਨ ਪਿੱਛੋਂ ਸੈਣੀ ਨੂੰ ਅਗਾਊਂ ਜ਼ਮਾਨਤ ਦੇ ਦਿੱਤੀ ਹੈ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਗਰਭਵਤੀ ਮਹਿਲਾ ਜ਼ਖ਼ਮੀ

ਟੋਰਾਂਟੋ, 3 ਅਗਸਤ (ਪੋਸਟ ਬਿਊਰੋ) : ਮੰਗਲਵਾਰ ਦੁਪਹਿਰ ਨੂੰ ਸਕਾਰਬੌਰੋ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਤੋਂ ਬਾਅਦ ਇੱਕ ਗਰਭਵਤੀ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ।

ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਡੈਨਫੋਰਥ ਤੇ ਫਾਰਮੇਸੀ ਐਵਨਿਊ ਨੇੜੇ ਵਾਪਰੇ ਇਸ ਹਾਦਸੇ ਦੀ ਜਾਣਕਾਰੀ ਦੁਪਹਿਰੇ 12:30 ਵਜੇ ਮਿਲਣ ਤੋਂ ਬਾਅਦ ਉਹ ਮੌਕੇ ਉੱਤੇ ਪਹੁੰਚੇ। ਮਹਿਲਾ ਆਪਣੇ 20ਵਿਆਂ ਵਿੱਚ ਹੈ। ਪੈਰਾਮੈਡਿਕਸ ਨੇ ਆਖਿਆ ਕਿ ਉਸ ਦੇ ਬਚਣ ਦੀ ਉਮੀਦ ਹੈ।

ਉਸ ਦੇ ਅਜੰਮੇ ਬੱਚੇ ਦੀ ਹਾਲਤ ਬਾਰੇ ਅਜੇ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ। ਪੁਲਿਸ ਨੇ ਦੱਸਿਆ ਕਿ ਜਿਸ ਗੱਡੀ ਵੱਲੋਂ ਟੱਕਰ ਮਾਰੀ ਗਈ ਉਸ ਦਾ ਡਰਾਈਵਰ ਮੌਕੇ ਉੱਤੇ ਮੌਜੂਦ ਸੀ।

# ਹਥਿਆਰਾਂ ਨਾਲ ਲੋਕਾਂ ਨੂੰ ਡਰਾਉਣ ਵਾਲੇ ਚਾਰ ਵਿਅਕਤੀ ਹਿਰਾਸਤ ਵਿੱਚ

ਟੋਰਾਂਟੋ 3 ਅਗਸਤ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਯੰਗ ਡੰਡਸ ਸਕੁਏਅਰ ਉੱਤੇ ਕੁੱਝ ਹਥਿਆਰਬੰਦ ਵਿਅਕਤੀਆਂ ਨੂੰ ਆਪਣੇ ਵੱਲ ਵੱਧਦਾ ਵੇਖ ਕੇ ਲੋਕ ਡਰ ਗਏ। ਪਰ ਫੌਰੀ ਮਿਲੀ ਜਾਣਕਾਰੀ ਤੋਂ ਬਾਅਦ ਚਾਰ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

ਪੁਲਿਸ ਵੱਲ" ਦਿੱਤੀ ਗਈ ਜਾਣਕਾਰੀ ਅਨੁਸਾਰ ਸੋਮਵਾਰ ਸਾਮ ਨੂੰ ਉਨ੍ਹਾਂ ਨੂੰ ਇਸ ਸਬੰਧ ਵਿੱਚ ਜਾਣਕਾਰੀ ਮਿਲਣ ਸਾਰ ਹੀ ਉਨ੍ਹਾਂ ਦੇ ਅਧਿਕਾਰੀ ਮਕੇ ਉੱਤੇ ਪਹੁੰਚੇ। ਜਦ" ਪੁਲਿਸ ਅਧਿਕਾਰੀ ਮਕੇ ਉੱਤੇ ਪਹੁੰਚੇ ਤਾਂ ਚਾਰ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲਿਸ ਨੂੰ ਇਲਾਕੇ ਵਿੱਚ" ਦ'ਹਥਿਆਰ ਤੇ ਇੱਕ ਚਾਕੂ ਬਰਾਮਦ ਹ'ਏ। ਕਿਸੇ ਦੇ ਜਖਮੀ ਹ'ਣ ਦੀ ਕ'ਈ ਖਬਰ ਨਹੀਂ ਹੈ।

ਜਾਂਚਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲ" ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਜਾਣਕਾਰੀ ਰੱਖਣ ਵਾਲਿਆਂ ਨੂੰ ਪੁਲਿਸ ਨਾਲ ਸੰਪਰਕ ਕਰਨ ਲਈ ਆਖਿਆ ਜਾ ਰਿਹਾ ਹੈ।

# ਕਾਗਜ਼ਾਂ ਦੀਆਂ ਥੱਦੀਆਂ ਨਾਲ ਠੱਗੀਆਂ ਮਾਰਨ ਵਾਲੇ 6 ਜਣੇ ਕਾਬੂ

ਜਲੰਧਰ, 3 ਅਗਸਤ (ਪੋਸਟ ਬਿਊਰੋ)- ਸੀ ਆਈ ਏ ਸਟਾਫ ਦਿਹਾਤੀ ਦੀ ਪੁਲਸ ਨੇ ਖਾਸ ਸੂਚਨਾ ਉੱਤੇ ਕਾਰਵਾਈ ਕਰ ਕੇ ਲੋਕਾਂ ਨੂੰ ਰੁਪਏ ਦੁੱਗਣੇ-ਤਿੱਗਣੇ ਕਰਨ ਦਾ ਝਾਂਸਾ ਦੇ ਕੇ ਠੱਗੀਆਂ ਮਾਰਨ ਵਾਲੇ ਗਿਰੋਹ ਦਾ ਪਰਦਾ ਫਾਸ਼ ਕੀਤਾ ਤੇ ਇਸ ਦੇ ਬਾਅਦ ਛੇ ਵਿਅਕਤੀਆਂ ਨੂੰ ਕਾਬੂ ਕਰ ਕੇ ਉਨ੍ਹਾਂ ਕੋਲੋਂ ਨਕਦੀ ਚਿੱਟੇ ਕਾਗਜ਼ਾਂ ਦੀਆਂ ਗੱਠਾਂ ਤੇ ਬੱਚਿਆਂ ਦੇ ਖੇਡਣ ਵਾਲੇ ਚੂਰਨ ਵਾਲੇ ਨੋਟ ਬਰਾਮਦ ਕੀਤੇ ਹਨ। ਇਸ ਬਾਰੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਐਸ ਪੀ ਮਨਪ੍ਰੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਸੀ ਆਈ ਏ ਸਟਾਫ-2 ਦੇ ਮੁਖੀ ਸਬ ਇੰਸਪੈਕਟਰ ਪੁਸ਼ਪ ਬਾਲੀ ਨੂੰ ਮੁਖਬਰ ਨੇ ਸੂਚਨਾ ਦਿੱਤੀ ਸੀ ਕਿ ਗੁਰ-ਾਇਆ ਇਲਾਕੇ ਵਿੱਚ ਇੱਕ ਗੈਂਗ ਲੋਕਾਂ ਨਾਲ ਠੱਗੀਆਂ ਮਾਰ ਰਿਹਾ ਹੈ, ਜੋ ਲੋਕਾਂ ਨੂੰ ਰੁਪਏ ਦੁੱਗਣੇ-ਤਿੱਗਣੇ ਕਰਨ ਦਾ ਝਾਂਸਾ ਦੇ ਕੇ ਉਨ੍ਹਾਂ ਨੂੰ ਬੱਚਿਆਂ ਦੇ ਖੇਡਣ ਵਾਲੇ ਚੂਰਨ ਵਾਲੇ ਨੋਟ ਅਤੇ ਚਿੱਟੇ ਕਾਗਜ਼ਾਂ ਦੀਆਂ ਗੱਠਾਂ, ਜਿਨ੍ਹਾਂ ਦੇ ਉਤੇ-ਥੱਲੇ ਇੱਕ-ਇੱਕ ਅਸਲੀ ਨੋਟ ਲੱਗਾ ਹੁੰਦਾ ਹੈ, ਦੇ ਦਿੰਦੇ ਸਨ।

# ਚੋਣਾਂ ਦਾ ਚੱਕਾ ਰਿੜ੍ਹਿਆ: ਬਾਦਲ ਅਕਾਲੀ ਦਲ ਵੱਲੋਂ ਸਰਕਾਰ ਬਣਨ ਉੱਤੇ 400 ਯੂਨਿਟ ਮੁਫਤ ਬਿਜਲੀ ਦੇਣ ਦਾ ਵਾਅਦਾ

## * ਨੀਲੇ ਕਾਰਡ ਵਾਲਿਆਂ ਨੂੰ 2 ਹਜ਼ਾਰ ਰੁਪਏ ਮਹੀਨਾ ਦੇਣ ਦਾ ਐਲਾਨ

ਚੰਡੀਗੜ੍ਹ, 3 ਅਗਸਤ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਨੇ ਅੱਜ ਏਥੇ ਅਗਲੀਆਂ ਵਿਧਾਨ ਸਭਾ ਚੋਣਾਂ ਦੇ ਲਈ ਲੋਕਾਂ ਨੂੰ ਚੋਣ ਵਾਅਦੇ ਵੰਡਣ ਦਾ ਮੁੱਢ ਬੰਨ੍ਹ ਦਿੱਤਾ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦੇ ਗਠਜੋੜ ਦੇ ਜਿੱਤਣ ਤੇ ਸਰਕਾਰ ਬਣਾਉਣ ਉੱਤੇ 13 ਨੁਕਾਤੀ ਏਜੰਡਾ ਲਾਗੂ ਕਰਨ ਦਾ ਐਲਾਨ ਕੀਤਾ, ਜਿਸ ਵਿੱਚ ਨੀਲੇ ਕਾਰਡ ਵਾਲੇ ਘਰ ਦੀਆਂ ਮੁਖੀ ਸਾਰੀਆਂ ਬਜ਼ੁਰਗ ਔਰਤ ਨੂੰ 2 ਹਜ਼ਾਰ ਰੁਪਏ ਮਹੀਨਾ ਪੈਨਸ਼ਨ, ਖੇਤੀਬਾੜੀ ਖਪਤਕਾਰਾਂ ਨੂੰ ਡੀਜ਼ਲ ਰੇਟ ਵਿਚ 10 ਰੁਪਏ ਪ੍ਰਤੀ ਲੀਟਰ ਤੱਕ ਦੀ ਕਟੌਤੀ, ਇੰਡਸਟਰੀ ਲਈ 5 ਰੁਪਏ ਪ੍ਰਤੀ ਯੂਨਿਟ ਬਿਜਲੀ ਸਸਤੀ ਅਤੇ ਵਿਦਿਆਰਥੀਆਂ ਲਈ ਵਿਆਜ਼ ਮੁਕਤ 10 ਲੱਖ ਰੁਪਏ ਦਾ ਕਰਜ਼ਾ ਦਿੱਤਾ ਜਾਣਾ ਵੀ ਸ਼ਾਮਿਲ ਕੀਤਾ ਗਿਆ ਹੈ।

ਅੱਜ ਐਲਾਨੀਆਂ ਅਕਾਲੀ ਦਲ ਦੀਆਂ ਇਨ੍ਹਾਂ ਪਹਿਲਕਦਮੀਆਂ, ਜਿਨ੍ਹਾਂ ਵਿਚ ਸਮਾਜ ਦੇ ਲਗਭਗ ਸਾਰੇ ਵਰਗਾਂ ਨੂੰ ਨਾਲ ਜੋੜਨ ਦਾ ਯਤਨ ਕੀਤਾ ਗਿਆ ਹੈ, ਦੇ ਰਾਹੀਂ ਹਰ ਘਰ ਨੂੰ ਹਰ ਮਹੀਨੇ 400 ਯੂਨਿਟ ਮੁਫਤ ਬਿਜਲੀ ਦੇਣਾ ਤੇ ਸਾਰੇ ਨੀਲੇ ਕਾਰਡ ਵਾਲਿਆਂ ਦੇ ਬਕਾਇਆ ਬਿਜਲੀ ਮੁਆਫ ਕਰਨਾ ਸ਼ਾਮਲ ਹੈ। ਗਰੀਬੀ ਰੇਖਾ ਤੋਂ ਹੇਠਲੇ ਜਿਹੜੇ ਪਰਿਵਾਰਾਂ ਦੇ ਬਿਜਲੀ ਕੁਨੈਕਸ਼ਨ ਕੱਟੇ ਗਏ ਹਨ, ਉਹ ਸਾਰੇ ਬਹਾਲ ਕਰਨ ਦਾ ਵਾਅਦਾ ਕੀਤਾ ਗਿਆ ਹੈ। ਏਥੇ ਪ੍ਰੈਸ ਕਾਨਫਰੰਸ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 10 ਲੱਖ ਰੁਪਏ ਦੇ ਸਿਹਤ ਬੀਮਾ ਯੋਜਨਾ ਦਾ ਐਲਾਨ ਕੀਤਾ ਹੈ, ਜਿਸ ਵਿੱਚ ਇਲਾਜ, ਦਵਾਈਆਂ, ਟੈਸਟ, ਸਰਜਰੀ ਸਾਰੇ ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ ਵਿਚ ਕਰਨ ਦੀ ਸਹੂਲਤ ਦਿੱਤੀ ਜਾਵੇਗੀ।



ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਭਾਰਤ ਤੇ ਵਿਦੇਸ਼ਾਂ ਵਿਚ ਉਚੇਰੀ ਸਿੱਖਿਆ ਲਈ ਜਾਣ ਵਾਲੇ ਨੌਜਵਾਨਾਂ ਨੂੰ ਸਟੂਡੈਂਟ ਐਜੂਕੇਸ਼ਨ ਕਾਰਡ ਹੇਠ 10 ਲੱਖ ਰੁਪਏ ਕਰਜ਼ਾ ਉਨ੍ਹਾਂ ਨੌਜਵਾਨਾਂ ਨੂੰ ਮਿਲੇਗਾ, ਜੋ ਕਾਲਜ ਫੀਸ ਜਾਂ ਆਈਲੈਟਸ ਦੀ ਕੋਚਿੰਗ ਫੀਸ ਦੇਣਾ ਚਾਹੁੰਦੇ ਹਨ। ਉਨ੍ਹਾਂ ਨੇ ਐਲਾਨ ਕੀਤਾ ਕਿ ਦਲਿਤ ਵਿਦਿਆਰਥੀਆਂ ਲਈ ਐੱਸ ਸੀ ਸਕਾਲਰਸ਼ਿਪ ਸਕੀਮ ਫਿਰ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਅਸੈਂਬਲੀ ਵਿਚ ਕਾਨੂੰਨ ਪਾਸ ਕਰ ਕੇ ਤਿੰਨ ਕਾਲੇ ਖੇਤੀ ਕਾਨੂੰਨ ਪੰਜਾਬ ਵਿਚ ਲਾਗੂ ਨਹੀਂ ਹੋਣ ਦਿੱਤੇ ਜਾਣਗੇ ਅਤੇ ਸਰਕਾਰ ਕਿਸਾਨਾਂ ਵਾਸਤੇ ਫਲਾਂ ਤੇ ਸਬਜ਼ੀਆਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਸ਼ੁਰੂ ਕਰੇਗੀ ਤੇ ਘੱਟ ਭਾਅ ਮਿਲਣ ਉੱਤੇ ਕਿਸਾਨਾਂ ਨੂੰ ਮੁਆਵਜ਼ਾ ਵੀ ਦੇਵੇਗੀ।

ਅਕਾਲੀ ਦਲ ਦੇ ਪ੍ਰਧਾਨ ਅਤੇ ਪਾਰਲੀਮੈਂਟ ਮੈਂਬਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਗਲੀ ਸਰਕਾਰ ਪੰਜਾਬ ਦੇ ਲੋਕ ਅਕਾਲੀ ਦਲ ਤੇ ਬਸਪਾ ਦੀ ਬਣਾਉਣਗੇ ਅਤੇ ਉਹ ਸਿਹਤ ਅਤੇ ਸਿੱਖਿਆ ਉੱਤੇ ਵੱਧ ਧਿਆਨ ਦੇਵੇਗੀ ਅਤੇ ਹਰ ਜ਼ਿਲ੍ਹੇ ਵਿਚ 500 ਬੈਡਾਂ ਵਾਲੇ ਸਰਕਾਰੀ ਮੈਡੀਕਲ ਕਾਲਜ ਖੋਲ੍ਹੇਗੀ, ਜਿੱਥੇ ਸੁਪਰ ਸਪੈਸ਼ਲਟੀ ਸਹੂਲਤਾਂ ਹੋਣਗੀਆਂ। ਉਨ੍ਹਾਂਐਲਾਨ ਕੀਤਾ ਕਿ ਮੈਡੀਕਲ ਕਾਲਜਾਂ ਸਣੇ ਰਾਜ ਦੇ ਸਾਰੇ ਪ੍ਰੋਫੈਸ਼ਨਲ ਕਾਲਜਾਂ ਵਿਚ ਸਰਕਾਰੀ ਸਕੂਲਾਂ ਤੋਂ ਪਾਸ ਹੋਣ ਵਾਲੇ ਵਿਦਿਆਰਥੀਆਂ ਲਈ 33 ਫੀਸਦੀ ਸੀਟਾਂ ਰਾਖਵੀਆਂ ਰੱਖਾਂਗੇ। ਅਕਾਲੀ ਦਲ ਨੇ ਐਲਾਨ ਕੀਤਾ ਕਿ ਸਰਕਾਰੀ ਖੇਤਰ ਵਿਚ 1 ਲੱਖਅਤੇ ਪ੍ਰਾਈਵੇਟ ਖੇਤਰਵਿਚ 10 ਲੱਖ ਨੌਕਰੀਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਨੇ ਸਭ ਸਰਕਾਰੀ ਨੌਕਰੀਆਂ ਵਿਚ ਔਰਤਾਂ ਲਈ 50 ਫੀਸਦੀ ਰਾਖਵੇਂਕਰਨ ਦਾ ਵੀ ਐਲਾਨ ਕੀਤਾ ਅਤੇ ਸਫਾਈ ਕਰਮਚਾਰੀਆਂ ਸਣੇ ਠੇਕੇ ਉੱਤੇ ਕੰਮ ਕਰਦੇ ਸਾਰੇ ਮੁਲਾਜ਼ਮਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਪਿੱਛੋਂ ਸਭ ਸਰਕਾਰੀ ਸੇਵਾਵਾਂ ਨੂੰ ਇਕ ਸਾਲ ਵਿੱਚਡਿਜੀਟਲ ਕਰ ਦਿੱਤਾ ਜਾਵੇਗਾ ਅਤੇ ਕਾਂਗਰਸ ਸਰਕਾਰ ਵੱਲੋਂ ਬੰਦ ਕੀਤੇ ਸੇਵਾ ਕੇਂਦਰ ਮੁੜ ਸ਼ੁਰੂ ਕੀਤੇ ਜਾਣਗੇ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਦੀ ਕੁਰਸੀ ਹਾਸਲ ਕਰਨ ਲਈ ਗੁਟਕਾ ਸਾਹਿਬ ਦੀ ਝੂਠੀ ਸਹੁੰ ਚੁੱਕੀ ਤੇ ਵਾਅਦਿਆਂ ਤੋਂ ਮੁੱਕਰ ਗਏ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਹਮੇਸ਼ਾ ਪੰਜਾਬ ਤੇ ਪੰਜਾਬੀਆਂ ਬਾਰੇ ਦੋਗਲਾ ਸਟੈਂਡ ਅਪਣਾਇਆ।ਉਸ ਨੇ ਐਸ ਵਾਈ ਐਲ ਨਹਿਰ ਅਤੇ ਪਰਾਲੀ ਸਾੜਨ ਦੇ ਕੇਸ ਵਿਚ ਪੰਜਾਬ ਦੇ ਹਿੱਤਾਂ ਨਾਲ ਧੋਖਾ ਕੀਤਾ ਤੇ ਪਿਛੇ ਜਿਹੇਪੰਜਾਬ ਵਿਚਲੇ ਥਰਮਲ ਪਲਾਂਟ ਬੰਦ ਕਰਾਉਣ ਦਾ ਯਤਨ ਕੀਤਾ। ਉਨ੍ਹਾਂ ਕਿਹਾ ਕਿ 300 ਯੂਨਿਟ ਮੁਫਤ ਬਿਜਲੀ ਦਾ ਵਾਅਦਾ ਵੀ ਗੱਪ ਹੈ ਕਿਉਂਕਿ ਕੇਜਰੀਵਾਲ ਨੇ ਕਿਹਾ ਹੈ ਕਿ ਇਕ ਵੀ ਯੂਨਿਟ ਵੱਧ ਹੋਵੇ ਤਾਂ ਸਾਰਾ ਬਿੱਲ ਦੇਣਾ ਪਵੇਗਾ, ਜਿਵੇਂ ਦਿੱਲੀ ਦੇ ਲੋਕ ਦੇ ਰਹੇ ਹਨ, ਪਰ ਅਕਾਲੀ ਦਲ ਅਤੇ ਬਸਪਾ ਦੀ ਸਰਕਾਰ ਏਦਾਂ ਨਹੀਂ ਕਰੇਗੀ।












# ਰਾਹੁਲ ਗਾਂਧੀ ਦੀ ਬਰੇਕ ਫਾਸਟ ਮੀਟਿੰਗ ਵਿੱਚ ਸੌ ਤੋਂ ਵੱਧ ਪਾਰਲੀਮੈਂਟ ਮੈਂਬਰ ਸ਼ਾਮਿਲ

## * ਸਾਰਿਆਂ ਨੇ ਪਾਰਲੀਮੈਂਟ ਤਕ ਸਾਈਕਲ ਮਾਰਚ ਕੀਤਾ * ਆਪ ਪਾਰਟੀ ਅਤੇ ਬਸਪਾ ਵਾਲੇ ਸ਼ਾਮਿਲ ਨਹੀਂ ਹੋਏ

ਨਵੀਂ ਦਿੱਲੀ, 3 ਅਗਸਤ, (ਪੋਸਟ ਬਿਊਰੋ)- ਭਾਰਤ ਦੀ ਰਾਜਨੀਤੀ ਵਿੱਚ ਛਾਏ ਹੋਏ ਪੈਗਾਸਸ ਜਾਸੂਸੀ ਕਾਂਡ, ਵਧਦੀ ਮਹਿੰਗਾਈ ਤੇ ਕਿਸਾਨੀ ਮੁੱਦੇ ਬਾਰੇ ਪਾਰਲੀਮੈਂਟ ਵਿੱਚ ਸਰਕਾਰ ਦੀ ਘੇਰੇ ਬੰਦੀ ਕਰਨ ਲਈ ਵਿਰੋਧੀ ਧਿਰ ਨੂੰ ਇਕੱਠੇ ਕਰਨ ਲਈ ਰਾਹੁਲ ਗਾਂਧੀ ਵੱਲੋਂ ਅੱਜ ਮੰਗਲਵਾਰ ਨੂੰ ਬਰੇਕ ਫਾਸਟ ਲਈ ਸੱਦੀ ਬੈਠਕ ਕਾਮਯਾਬ ਰਹੀ। ਕਾਂਗਰਸ ਦੀ ਅਗਵਾਈ ਵਿੱਚ ਆਉਣ ਤੋਂ ਅੱਜ ਤੱਕ ਝਿਜਕਦੀ ਰਹੀ ਤ੍ਰਿਣਮੂਲ ਕਾਂਗਰਸ ਦੇ ਨੇਤਾ ਵੀ ਇਸ ਮੌਕੇ ਆਏ, ਜਿਸ ਨਾਲ ਵਿਰੋਧੀ ਧਿਰ ਦੀ ਕਤਾਰਬੰਦੀ ਨੂੰ ਨਵਾਂ ਰੰਗ ਮਿਲਿਆ ਹੈ। ਪੰਦਰਾਂ ਪਾਰਟੀਆਂ ਦੇ ਸੌ ਤੋਂ ਵੱਧ ਪਾਰਲੀਮੈਂਟਮੈਂਬਰਾਂ ਨੇ ਨਾਸ਼ਤੇ ਤੋਂ ਬਾਅਦ ਰਾਹੁਲ ਗਾਂਧੀ ਦੀ ਅਗਵਾਈ ਵਿੱਚਪਾਰਲੀਮੈਂਟਭਵਨ ਤਕ ਸਾਈਕਲ ਮਾਰਚ ਵੀ ਕੀਤਾ।

ਇਸ ਮੌਕੇ ਵਿਰੋਧੀ ਧਿਰ ਦੇ ਆਗੂਆਂ ਨੇ ਪੈਗਾਸਸ ਜਾਸੂਸੀ ਕਾਂਡ ਦੇ ਨਾਲ ਪੈਟਰੋਲ ਤੇ ਡੀਜ਼ਲ ਤੋਂ ਇਲਾਵਾ ਆਮ ਲੋਕਾਂ ਦੀ ਲੋੜ ਦੀਆਂ ਵਸਤਾਂ ਦੀਆਂ ਕੀਮਤਾਂ ਵਿੱਚ ਵਾਧੇ ਦੇ ਖ਼ਿਲਾਫ਼ ਦੋਵਾਂ ਸਦਨਾਂ ਵਿੱਚ ਹੰਗਾਮਾ ਕਰ ਕੇ ਕੇਂਦਰ ਸਰਕਾਰ ਨੂੰ ਘੇਰਨ ਦਾ ਯਤਨ ਕੀਤਾ, ਜਿਸ ਕਾਰਨ ਦਸਵੇਂ ਦਿਨ ਵੀ ਪਾਰਲੀਮੈਂਟ ਚੱਜ ਨਾਲ ਨਹੀਂ ਚੱਲ ਸਕੀ। ਵਿਰੋਧੀ ਏਕਤਾ ਦੇ ਕਾਰਨ ਮੌਨਸੂਨ ਸੈਸ਼ਨ ਵਿੱਚ ਸਰਕਾਰ ਤੇ ਵਿਰੋਧੀ ਧਿਰ ਦੇ ਅੜਿੱਕੇ ਦਾ ਹੱਲ ਕੱਢਣ ਦੀ ਆਸ ਹੋਰ ਘਟ ਗਈ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਵਿਰੋਧੀ ਧਿਰ ਦੀ ਆਵਾਜ਼ ਦਬਾ ਕੇ ਨਰਿੰਦਰ ਮੋਦੀ ਸਰਕਾਰ ਭਾਰਤ ਦੇ 60 ਫ਼ੀਸਦੀ ਲੋਕਾਂ ਨੂੰ ਚੁੱਪ ਕਰਵਾਉਣਾ ਚਾਹੁੰਦੀ ਹੈ, ਪਰ ਸਾਡੀ ਅਵਾਜ਼ ਕੋਈ ਦਬਾ ਨਹੀਂ ਸਕਦਾ।




ਕਾਂਗਰਸ ਆਗੂ ਰਾਹੁਲ ਗਾਂਧੀ ਦੇ ਘਰ ਅੱਜ ਦੇ ਬਰੇਕ ਫਾਸਟ ਲਈ 17 ਪਾਰਟੀਆਂ ਨੂੰ ਸੱਦਾਭੇਜਿਆ ਗਿਆ ਸੀ, ਪਰ ਇਸ ਵਿੱਚ 15 ਪਾਰਟੀਆਂ ਸ਼ਾਮਲ ਹੋਈਆਂ।ਬਹੁਜਨ ਸਮਾਜ ਪਾਰਟੀ ਤੇ ਆਮ ਆਦਮੀ ਪਾਰਟੀ ਇਸ ਵਿੱਚਸ਼ਾਮਲ ਨਹੀਂ ਹੋਈਆਂ, ਪਰ ਆਸ ਦੇ ਉਲਟ ਤ੍ਰਿਣਮੂਲ ਕਾਂਗਰਸ ਆ ਗਈ ਤੇ ਸਮਾਜਵਾਦੀ ਪਾਰਟੀ, ਡੀਐੱਮ ਕੇ ਪਾਰਟੀ, ਐੱਨਸੀਪੀ, ਰਾਸ਼ਟਰੀ ਜਨਤਾ ਦਲ, ਝਾਰਖੰਡ ਮੁਕਤੀ ਮੋਰਚਾ, ਸੀ ਪੀ ਆਈ ਐੱਮ, ਸੀ ਪੀ ਆਈ, ਆਈ ਯੂ ਐੱਮ ਐੱਲ, ਕੇਰਲਾ ਕਾਂਗਰਸ (ਮਨੀ), ਨੈਸ਼ਨਲ ਕਾਨਫਰੰਸ ਤੇ ਲੋਕਤੰਤਰੀ ਜਨਤਾ ਪਾਰਟੀ ਦੇ ਨੇਤਾ ਸ਼ਾਮਲ ਹੋਏ। ਇਨ੍ਹਾਂ ਨੇਤਾਵਾਂ ਦੀ ਇੱਕ ਰਾਏ ਬਣੀ ਕਿ ਸਿਰਫ਼ ਪੈਗਾਸਸ ਕੇਸ ਨਹੀਂ, ਜਨਤਾ ਨਾਲ ਜੁੜੇ ਸਾਰੇ ਮੁੱਦਿਆਂ ਉੱਤੇ ਪਾਰਲੀਮੈਂਟ ਦੇ ਵਿੱਚਮਿਲ ਕੇ ਚੱਲਿਆ ਜਾਵੇ ਅਤੇ ਮਹਿੰਗਾਈ ਸਣੇ ਸਾਰੇ ਜ਼ਰੂਰੀ ਮੁੱਦੇ ਉਠਾਏ ਜਾਣ। ਇਸ ਦੇ ਬਾਅਦ ਇਸ ਬੈਠਕ ਵਿੱਚ ਸ਼ਾਮਲ ਹੋਏ ਸੌ ਤੋਂ ਵੱਧ ਪਾਰਲੀਮੈਂਟ ਮੈਂਬਰਾਂ ਨੇ ਸਾਈਕਲਾਂ ਉੱਤੇ ਪਾਰਲੀਮੈਂਟ ਭਵਨ ਤੱਕ ਮਾਰਚ ਵੀ ਕੀਤਾ।

# ਰਣਜੀਤ ਸਾਗਰ ਡੈਮ ’ਚ ਭਾਰਤੀ ਫੌਜ ਦਾ ਹੈਲੀਕਾਪਟਰ ਡਿੱਗਿਆ



### ਦੋਵੇਂ ਪਾਇਲਟ ਲਾਪਤਾ

ਪਠਾਨਕੋਟ, 3 ਅਗਸਤ, (ਪੋਸਟ ਬਿਊਰੋ)- ਅੱਜ ਸਵੇਰੇ ਭਾਰਤੀ ਫੌਜ ਦਾ ਹੈਲੀਕਾਪਟਰ ਪਠਾਨਕੋਟ ਨੇੜਲੇ ਰਣਜੀਤ ਸਾਗਰ ਡੈਮ ਦੀ ਝੀਲ ਵਿਚ ਜਾ ਡਿੱਗਾ। ਇਸ ਹੈਲੀਕਾਪਟਰ ਨੇ ਮਾਮੂਨ ਛਾਉਣੀ ਤੋਂ ਸਵੇਰੇ 10:20 ਵਜੇ ਉਡਾਣ ਭਰੀ ਸੀ ਤੇ ਸਾਢੇ ਦਸ ਵਜੇ ਦੇ ਕਰੀਬ ਰਣਜੀਤ ਸਾਗਰ ਡੈਮ ਦੀ ਝੀਲ ਉਤੋਂ ਲੰਘਦੇ ਵਕਤ ਝੀਲ ਵਿੱਚ ਜਾ ਡਿੱਗਾ। ਇਸ ਵਿਚ ਪਾਇਲਟ ਏਐੱਸ ਬਾਠ ਅਤੇ ਕੈਪਟਨ ਜੈਯੰਤ ਜੋਸ਼ੀ ਸਵਾਰ ਸਨ ਅਤੇ ਇਹ ਦੋਵੇਂ ਲਾਪਤਾ ਹਨ।

ਜਾਣਕਾਰ ਸੂਤਰਾਂ ਅਨੁਸਾਰ ਫੌਜ ਦਾ ਇਹ ਹੈਲੀਕਾਪਟਰ ਨਿਗਰਾਨੀ ਮਿਸ਼ਨ ਉੱਤੇ ਸੀ। ਇਸ ਦੇ ਡਿੱਗਦੇ ਸਾਰ ਹੀ ਫੌਜ ਦੇ ਅਧਿਕਾਰੀ ਅਤੇ ਜ਼ਿਲ੍ਹਾ ਪੁਲੀਸ ਮੁੱਖੀ ਸੁਰਿੰਦਰ ਲਾਂਬਾ ਓਥੇ ਜਾ ਪਹੁੰਚੇ। ਹੈਲੀਕਾਪਟਰ 254 ਆਰਮੀ ਏਵੀਏਸ਼ਨ ਸਕੁਐਡਰਨ ਦਾ ਸੀ ਅਤੇ ਇਸ ਦੇ ਕ੍ਰੈਸ਼ ਹੋਣ ਤੋਂ 10 ਮਿੰਟ ਪਹਿਲਾਂ ਮਾਮੂਨ ਛਾਉਣੀ ਤੋਂ ਉਡਾਣ ਭਰੀ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕੰਟਰੋਲ ਗੁਆ ਲੈਣ ਪਿੱਛੋਂ ਡੈਮ ਵਿੱਚ ਡਿੱਗ ਗਿਆ। ਇਸ ਮੌਕੇ ਰਣਜੀਤ ਸਾਗਰ ਡੈਮ ਦੇ ਚੀਫ ਇੰਜੀਨੀਅਰ ਰਾਮ ਦਰਸ਼ਨ ਤੇ ਨਿਗਰਾਨ ਇੰਜਨੀਅਰ ਨਰੇਸ਼ ਮਹਾਜਨ ਡੈਮ ਦਾ ਸਟੀਮਰ ਲੈ ਕੇ ਓਥੇ ਪੁੱਜੇ ਅਤੇ ਡੈਮ ਦੀ ਰਾਹਤ ਟੀਮ ਨੂੰ ਹੈਲੀਕਾਪਟਰ ਦਾ ਕੁਝ ਮਲਬਾ ਝੀਲ ਤੋਂ ਮਿਲਿਆ, ਜਿਹੜਾਫੌਜ ਦੇ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ ਗਿਆ।ਨਰੇਸ਼ ਮਹਾਜਨ ਨੇ ਦੱਸਿਆ ਕਿ ਫੌਜ ਦੇ ਗੋਤਾਖੋਰਾਂ ਦੀ ਟੀਮ ਰਾਹਤ ਕਾਰਜ ਲਈ ਝੀਲ ਵਿੱਚ ਖੋਜ ਕਰ ਰਹੀ ਹੈ। ਇਹ ਹੈਲੀਕਾਪਟਰ ਜੰਮੂ-ਕਸ਼ਮੀਰ ਦੇ ਖ਼ੇਤਰ ਬਸੋਹਲੀ ਕੋਲ ਝੀਲ ਵਿਚ ਡਿੱਗਣ ਕਾਰਨ ਜ਼ਿਲ੍ਹਾ ਕਠੂਆ ਦੇ ਅਧਿਕਾਰੀ ਵੀ ਮੌਕੇ ’ਤੇ ਪੁੱਜੇ ਹੋਏ ਸਨ। ਇਹ ਝੀਲ ਪੰਜਾਬ ਤੇ ਜੰਮੂ-ਕਸ਼ਮੀਰ ਦੋਵਾਂ ਦੇ ਖੇਤਰ ਵਿਚ ਪੈਂਦੀ ਹੈ।

# ਪੰਜਾਬ ਦੇ ਖਜ਼ਾਨਾ ਮੰਤਰੀ ਦੇ ਐਲਾਨਾਂ ਨੂੰ ਖਜ਼ਾਨਾ ਵਿਭਾਗ ਨੇ ਹੀ ਨਹੀਂ ਮੰਨਿਆ

## * ਮੁੱਖ ਮੰਤਰੀ ਅਮਰਿੰਦਰ ਦੇ ਐਲਾਨ ਵੀ ਅਣਗੌਲੇ ਰਹਿ ਗਏ

ਚੰਡੀਗੜ੍ਹ, 3 ਅਗਸਤ, (ਪੋਸਟ ਬਿਊਰੋ)- ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਆਪਣੇ ਇਸ ਰਾਜ ਵਾਲੇ ਸਾਢੇ ਚਾਰ ਸਾਲ ਮੁੱਕਣ ਨੇੜੇ ਪਹੁੰਚ ਕੇ ਆਪਣੇ ਐਲਾਨਾਂ ਦੀਆਂ ਫਾਈਲਾਂ ਵੇਖੀਆਂ ਤਾਂ ਉਹ ਐਲਾਨ ਨਿਕਲ ਆਏ, ਜਿਹੜੇ ਪੰਜਾਬ ਸਰਕਾਰ ਨੇ ਕਦੇ ਵਿਧਾਨ ਸਭਾ ਵਿੱਚ ਅਤੇ ਕਦੇ ਮੰਤਰੀ ਮੰਡਲ ਮੀਟਿੰਗਾਂ ਵਿੱਚ ਪਾਸ ਕਰਵਾਏ ਸਨ, ਪਰ ਇਸ ਦੇ ਬਾਅਦ ਕਦੀ ਉਹ ਅਮਲ ਵਿੱਚ ਲਾਗੂ ਹੀ ਨਹੀਂ ਸਨ ਕੀਤੇ ਜਾ ਸਕੇ।

ਜਾਣਕਾਰ ਸੂਤਰਾਂ ਮੁਤਾਬਕ ਅਮਲ ਵਿੱਚ ਫੈਸਲੇ ਲਾਗੂ ਨਾ ਹੋਣ ਕਾਰਨ ਮੁੱਖ ਮੰਤਰੀ ਕੈਪਟਨਅਮਰਿੰਦਰ ਸਿੰਘ ਨੂੰ ਕਾਫੀ ਨਰਾਜ਼ਗੀ ਹੈ ਅਤੇ ਉਨ੍ਹਾਂ ਨੇ ਜਦੋਂ ਅਫਸਰਸ਼ਾਹੀ ਤੋਂ ਇਸ ਦਾ ਕਾਰਨ ਜਾਨਣਾ ਚਾਹਿਆ ਤਾਂ ਸਰਕਾਰ ਨੂੰ ਉਸ ਦਾ ਕੋਈ ਜਵਾਬ ਨਹੀਂ ਦਿੱਤ-ਾਗਿਆ। ਇਹੋ ਹਾਲ ਬਾਕੀ ਮੰਤਰੀਆਂ ਦਾ ਕਿਹਾ ਜਾਂਦਾ ਹੈ। ਪਤਾ ਲੱਗਾ ਹੈ ਕਿ ਕਾਂਗਰਸ ਪਾਰਟੀ ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨਵਾਂ ਚੋਣ ਮੈਨੀਫੈਸਟੋ ਬਣਾਉਣ ਦੀ ਤਿਆਰੀ ਵਿੱਚ ਹੈ, ਪਰ ਉਸ ਕੰਮ ਵਿੱਚ ਮੌਜੂਦਾ ਸਰਕਾਰ ਦੇ ਕੀਤੇ ਕੰਮ ਗਿਣਾਉਣੇ ਜ਼ਰੂਰੀ ਹਨ ਅਤੇ ਇਸ ਪੱਖ ਤੋਂ ਸਿਰਫ ਐਲਾਨ ਕੀਤੇ ਪੜ੍ਹਨ ਨੂੰ ਮਿਲਦੇ ਹਨ, ਅਮਲ ਹੋਇਆ ਦਿਖਾਈ ਨਹੀਂ ਦੇਂਦਾ। ਪੰਜਾਬ ਸਰਕਾਰ ਨੇ ਵੱਖ-ਵੱਖ ਵਿਭਾਗਾਂ ਨੂੰ ਪੱਤਰ ਭੇਜ ਕੇ ਉਨ੍ਹਾਂ ਤੋਂ ਐਲਾਨਾਂ ਅਤੇ ਫੈਸਲਿਆਂ ਬਾਰੇ ਪੁੱਛਿਆ ਹੈ, ਪਰ ਜਾਣਕਾਰ ਦੱਸਦੇ ਹਨ ਕਿ ਸਰਕਾਰ ਇਸ ਗੱਲ ਤੋਂ ਹੈਰਾਨ ਹੋ ਰਹੀ ਹੈ ਕਿ ਮੁੱਖ ਮੰਤਰੀ ਜਾਂ ਖਜ਼ਾਨਾ ਮੰਤਰੀ ਦੇ ਕੀਤੇ ਐਲਾਨਾਂ ਵਿੱਚੋਂ ਕਈਆਂ ਨੂੰ ਵੱਖ-ਵੱਖ ਵਿਭਾਗਾਂ ਲਾਗੂ ਨਹੀਂ ਕੀਤਾ ਤੇ ਕੁਝ ਫੈਸਲੇ ਤਾਂ ਇਹੋ ਜਿਹੇ ਹਨ, ਜਿਨ੍ਹਾਂ ਉੱਤੇ ਕੰਮ ਹੀ ਸ਼ੁਰੂਨਹੀਂ ਕੀਤਾ ਗਿਆ ਅਤੇ ਜਵਾਬ ਵੀ ਨਹੀਂ ਦੇ ਰਹੇ।

ਇਸ ਦੀ ਇੱਕ ਮਿਸਾਲ ਇਹ ਹੈ ਕਿ ਸਾਲ 2017-18 ਵਿੱਚ ਵਿਧਾਨ ਸਭਾ ਵਿੱਚਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਨੇ ਸ਼ਹੀਦ ਭਗਤ ਸਿੰਘ ਰੋਜ਼ਗਾਰ ਸਿਰਜਣ ਯੋਜਨਾ ਦਾ ਐਲਾਨ ਕਰ ਕੇ ਲਈ 175 ਕਰੋੜ ਰੁਪਏ ਰੱਖਣ ਲਈ ਨਿਰਦੇਸ਼ ਦਿੱਤਾ ਸੀ ਤੇ ਹਰ ਸਾਲ ਇਸ ਯੋਜਨਾ ਹੇਠ ਇੱਕ ਲੱਖ ਲੋਕਾਂ ਨੂੰ



ਰੋਜ਼ਗਾਰਦੇਣਾ ਸੀ, ਪਰ ਇਹ ਯੋਜਨਾ ਸ਼ੁਰੂ ਹੀ ਨਹੀਂ ਹੋ ਸਕੀ। ਇਸੇ ਤਰ੍ਹਾਂ 2018 ਵਿੱਚ ਮੁੱਖ ਮੰਤਰੀ ਨੇ ਔਰਤਾਂ ਦੀ ਉੱਨਤੀ ਲਈ ਮਹਿਲਾ ਸ਼ਕਤੀ ਕੇਂਦਰ ਵਾਲਾ ਐਲਾਨ ਕੀਤਾ ਸੀ ਤੇ ਕੇਂਦਰ ਸਰਕਾਰ ਦੀ ਇਹ ਯੋਜਨਾ ਪੰਜਾਬ ਸਰਕਾਰ ਨੇ ਪੂਰੀ ਕਰਨਾ ਸੀ। ਇਸ ਦਾ ਫੰਡ ਕੇਂਦਰ ਸਰਕਾਰ ਨੇ 2.36 ਕਰੋੜ ਰੁਪਏ ਦੇ ਦਿੱਤਾ ਸੀ। ਇਸ ਯੋਜਨਾ ਹੇਠ ਪੰਜਾਬ ਦੇ ਸਾਰੇਜ਼ਿਲਿਆਂ ਵਿੱਚਜ਼ਿਲਾ ਅਧਿਕਾਰੀ ਨਿਯੁਕਤ ਕਰਨੇ ਸਨ, ਪਰ ਔਰਤਾਂ ਦੀ ਸਾਮਾਜਿਕ ਸੁਰੱਖਿਆ ਦੀ ਇਹ ਯੋਜਨਾ ਸ਼ੁਰੂ ਹੀ ਨਹੀਂ ਕੀਤੀ ਗਈ। ਇੱਕ ਹੋਰ ਯੋਜਨਾ ਵਿੱਚ ਪਟਿਆਲਾ, ਖਰੜ, ਹੁਸ਼ਿਆਰਪੁਰ ਤੇ ਜਲੰਧਰ ਦੇ ਪੰਜ ਪੋਲੀਟੈਕਨਿਕ ਕੇਂਦਰਅਪਗ੍ਰੇਡ ਕਰਨੇ ਸਨ, ਇਸ ਦਾ ਐਲਾਨ ਮੁੱਖ ਮੰਤਰੀ ਨੇ 2019 ਵਿੱਚ ਕੀਤਾ, ਪਰ ਖਜ਼ਾਨਾ ਵਿਭਾਗ ਨੇ 10 ਕਰੋੜ ਰੁਪਏ ਨਹੀਂ ਦਿੱਤੇ ਤੇ ਯੋਜਨਾ ਖੂੰਜੇ ਲੱਗੀ ਰਹੀ। ਪੰਜਾਬ ਵਿੱਚ ਰਵਾਇਤੀ ਖੇਤੀ ਬਦਲਣ ਲਈ ਡਾਈਵਰਸੀਫਿਕੇਸ਼ਨ ਲਈ ਸਾਲ 2019 ਵਿੱਚ ਖਜ਼ਾਨਾ ਮੰਤਰੀ ਨੇ 60 ਕਰੋੜ ਰੁਪਏ ਤੋਂ ਵੱਧ ਦਾ ਐਲਾਨ ਕੀਤਾ ਸੀ, ਪਰਇਸ ਯੋਜਨਾ ਨੂੰ ਵੀ ਪੂਰਾ ਲਾਗੂ ਨਹੀਂ ਕੀਤਾ ਗਿਆ।

ਸਾਲ 2018 ਵਿੱਚ ਖਜ਼ਾਨਾ ਮੰਤਰੀ ਨੇ ਖੰਨਾ, ਲੁਧਿਆਣਾ ਤੇ ਪਟਿਆਲਾ ਦੇ ਮੌਜੂਦਾ ਇੰਡਸਟਰੀਅਲ ਐਸਟੇਟ ਤੇ ਫੋਕਲ ਪੁਆਇੰਟ ਦਾ ਆਧੁਨਿਕੀਕਰਨ ਅਤੇ ਵਿਕਾਸ ਦਾ ਐਲਾਨ ਕੀਤਾ ਅਤੇ ਇਸ ਲਈ 10 ਕਰੋੜ ਰੁਪਏ ਐਲਾਨ ਕੀਤਾ ਸੀ, ਪਰ ਇਹ ਐਲਾਨ ਵੀ ਕਾਗਜ਼ਾਂ ਵਿੱਚਰਹੇ। ਕਪੂਰਥਲਾ ਦੇ ਸੈਨਿਕ ਸਕੂਲ ਲਈ 15 ਲੱਖ ਦੀ ਲਾਗਤ ਵਾਲੇ ਬੈਂਡ ਦਾ ਐਲਾਨ ਸਾਲ 2019 ਵਿੱਚ ਕੀਤਾ ਸੀ, ਪਰ ਇਸ ਦੇ ਬਿੱਲ ਅਜੇ ਤੱਕ ਪਾਸ ਨਹੀਂ ਹੋਏ।

ਦੱਸਿਆ ਜਾ ਰਿਹਾ ਹੈ ਕਿ ਕਈ ਸਰਕਾਰੀ ਵਿਭਾਗਾਂ ਵਿੱਚ ਵੀ ਸਰਕਾਰ ਦੇ ਐਲਾਨਾਂ ਦਾ ਇਹੀ ਹਾਲ ਹੈ ਕਿ ਖਜ਼ਾਨਾ ਵਿਭਾਗ ਨੇ ਮੁੱਖ ਮੰਤਰੀ ਤੱਕ ਦੇ ਐਲਾਨਾਂ ਲਈ ਬਜਟ ਜਾਰੀ ਨਹੀਂ ਕੀਤਾ।ਪਤਾ ਲੱਗਣ ਉੱਤੇ ਮੁੱਖ ਮੰਤਰੀ ਦਫ਼ਤਰ ਚਿੰਤਾ ਵਿੱਚ ਅਤੇ ਖੁਦ ਮੁੱਖ ਮੰਤਰੀ ਗੁੱਸੇ ਵਿੱਚ ਹੈ ਤੇ ਉਨ੍ਹਾ ਨੇ ਖਜ਼ਾਨਾ ਵਿਭਾਗ ਨੂੰ ਪੱਤਰ ਭੇਜ ਕੇ ਜਵਾਬ ਮੰਗਿਆ ਹੈ ਕਿ ਚਾਰ ਸਾਲ ਵਿੱਚ ਇਨ੍ਹਾਂ ਐਲਾਨਾਂ ਨੂੰ ਪੂਰਾ ਕਿਉਂ ਨਹੀਂ ਕੀਤਾ ਗਿਆ।

# ਅਮਰੀਕਾ ਵਿੱਚ ਕੈਪੀਟਲ ਹਮਲੇ ਵੇਲੇ ਭੀੜ ਦੇ ਨਾਲ ਭਿੜਨ ਵਾਲੇ ਚਾਰ ਅਧਿਕਾਰੀ ਖੁਦਕੁਸ਼ੀਆਂ ਕਰ ਗਏ

ਫਰਿਜ਼ਨੋ, 3 ਅਗਸਤ, (ਪੋਸਟ ਬਿਊਰੋ)- ਅਮਰੀਕਾ ਦੀ ਰਾਜਧਨੀ ਵਾਸ਼ਿੰਗਟਨ ਵਿੱਚ 6 ਜਨਵਰੀ ਨੂੰ ਟਰੰਪ ਸਮਰੱਥਕਾਂ ਵੱਲੋਂ ਕੀਤੇ ਹਮਲੇ ਦਾ ਜਵਾਬ ਦੇਣ ਵਾਲੇ ਦੋ ਹੋਰ ਪੁਲਸ ਅਫਸਰਾਂ ਨੇ ਖੁਦਕੁਸ਼ੀ ਕਰ ਲਈ ਹੈ। ਇਸ ਨਾਲ ਪਾਰਲੀਮੈਂਟ ਬਿਲਡਿੰਗ ਦੀ ਰਾਖੀ ਕਰਨ ਵਾਲੇ ਅਫਸਰਾਂ ਦੀਆਂ ਖੁਦਕੁਸ਼ੀਆਂ ਦੀ ਗਿਣਤੀ ਚਾਰ ਹੋ ਗਈ ਹੈ।

ਪੁਲਸ ਵਿਭਾਗ ਦੇ ਬਿਆਨ ਅਨੁਸਾਰ ਮੈਟਰੋਪੋਲੀਟਨ ਪੁਲਸ ਅਫਸਰ ਗੁੰਥਰ ਹਾਸ਼ੀਦਾ ਵੀਰਵਾਰ ਨੂੰ ਆਪਣੇ ਘਰ ਵਿੱਚ ਮ੍ਰਿਤਕ ਪਿਆ ਮਿ-ਲਆ। ਹਸ਼ੀਦਾ ਮਈ 2003 ਵਿੱਚ ਕੋਲੰਬੀਆ ਦੇ ਮੈਟਰੋਪੋਲੀਟਨ ਪੁਲਸ ਵਿਭਾਗ (ਐੱਮ ਪੀ ਡੀ) ਵਿੱਚ ਸ਼ਾਮਲ ਹੋਇਆ ਸੀ। ਇਕ ਹੋਰ ਐੱਮ ਪੀ ਡੀ ਅਧਿਕਾਰੀ ਕਾਈਲ ਡੀਫ੍ਰੇਟੈਗ, ਜਿਸ ਨੇ 6 ਜਨਵਰੀ ਨੂੰ ਕੈਪੀਟਲ ਬਿਲਡਿੰਗ ਹਮਲੇ ਦਾ ਜਵਾਬ ਦਿੱਤਾ, ਬੀਤੀ 10 ਜੁਲਾਈ ਨੂੰ ਮ੍ਰਿਤਕ ਪਿਆ ਮਿਲਿਆ ਤੇ





ਵਿਭਾਗ ਅਨੁਸਾਰ ਡੀਫ੍ਰੇਟੈਗ ਦੀ ਮੌਤ ਦਾ ਕਾਰਨ ਵੀ ਖੁਦਕੁਸ਼ੀ ਸੀ। ਉਹ ਨਵੰਬਰ 2016 ਤੋਂ ਪੁਲਸ ਵਿਭਾਗ ਵਿੱਚ ਸੀ। ਇਨ੍ਹਾਂ ਤੋਂ ਇਲਾਵਾ ਦੋ ਹੋਰ ਪੁਲਸ ਅਧਿਕਾਰੀ ਜੈਫਰੀ ਸਮਿਥ ਅਤੇ ਕੈਪੀਟਲ ਪੁਲਸ ਅਫਸਰ ਹਾਵਰਡ ਲੀਬੇਨਗੁਡ ਨੇ ਉਸ ਕੈਪੀਟਲ ਦੰਗੇ ਦੌਰਾਨ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮੱਰਥਕਾਂ ਦੇ ਹਮਲੇ ਦਾ ਜਵਾਬ ਦਿੱਤਾ ਅਤੇ ਫਿਰ ਖੁਦਕੁਸ਼ੀ ਕਰ ਗਏ ਸਨ।

ਵਰਨਣ ਯੋਗ ਹੈ ਕਿ ਛੇ ਜਨਵਰੀ ਦੀ ਟਰੰਪ ਸਮੱਰਥਕਾਂ ਦੀ ਹਿੰਸਾ ਵੇਲੇ ਚਾਰ ਲੋਕਾਂ ਦੀ ਮੌਤ ਹੋ ਗਈ ਸੀ। ਇਕ ਕੈਪੀਟਲ ਪੁਲਸ ਅਧਿਕਾਰੀ, ਜਿਸ ਉੱਤੇ ਪ੍ਰਦਰਸ਼ਨਕਾਰੀਆਂ ਨੇ ਹਮਲਾ ਕੀਤਾ ਸੀ, ਦੀ ਅਗਲੇ ਦਿਨ ਮੌਤ ਹੋ ਗਈ ਸੀ ਤੇ ਇਸ ਦੌਰਾਨ 100 ਤੋਂ ਵੱਧ ਪੁਲਸ ਅਧਿਕਾਰੀ ਜ਼ਖਮੀ ਹੋਏ ਸਨ। ਪਿਛਲੇ ਹਫਤੇ ਉਸ ਕੇਸ ਦੀ ਗਵਾਹੀ ਵੇਲੇ ਚਾਰ ਪੁਲਸ ਅਧਿਕਾਰੀਆਂ ਨੇ ਹਾਊਸ ਆਫ ਰਿਪ੍ਰੈਜ਼ੈਂਟੇਟਿਵਜ਼ ਦੀ ਵਿਸ਼ੇਸ਼ ਕਮੇਟੀ ਨੂੰ ਦੱਸਿਆ ਕਿ ਹਮਲੇ ਦੇ ਦੌਰਾਨ ਉਨ੍ਹਾਂ ਨੂੰ ਕੁੱਟਿਆ ਗਿਆ, ਧਮਕੀਆਂ ਦਿੱਤੀਆਂ ਗਈਆਂ ਤੇ ਪੁਲਸ ਅਧਿਕਾਰੀ ਨਸਲੀ ਬੇਇੱਜ਼ਤੀ ਦਾ ਸ਼ਿਕਾਰ ਵੀ ਹੋਏ ਸਨ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# 10 ਲੱਖ ਦੀ ਠੱਗੀ ਦੇ ਕੇਸ ਵਿੱਚ ਲੁਧਿਆਣਾ ਵਿਚਲਾ ਟਿਕਟਾਕ ਸਟਾਰ ਗ੍ਰਿਫਤਾਰ


ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587


ਜਲੰਧਰ, 3 ਅਗਸਤ (ਪੋਸਟ ਬਿਊਰੋ)- ਇਸ ਸ਼ਹਿਰ ਦੇ ਰਸੀਲਾਨਗਰ ਦੇ ਵਸਨੀਕ ਸਾਬਕਾ ਫੌਜੀ ਨਾਇਕ ਹਰਪਾਲ ਸਿੰਘ ਨਾਲ 10 ਲੱਖ ਦੀ ਠੱਗੀ ਦਾ ਕੇਸ ਲੁਧਿਆਣਾ ਤੋਂ ਗ੍ਰਿਫਤਾਰ ਹੋਈ ਮਾਨਸਾ ਦੀ ਵਸਨੀਕ ਟਿਕਟਾਕ ਸਟਾਰ ਸੁਖਬੀਰ ਕੌਰ ਦੀ ਗ੍ਰਿਫਤਾਰੀ ਨਾਲ ਸੁਲਝ ਗਿਆ ਹੈ। ਜਲੰਧਰ ਦੇ ਥਾਣਾ ਪੰਜ ਦੀ ਪੁਲਸ ਸੁਖਬੀਰ ਉਰਫ ਸੁੱਖੀ ਨੂੰ ਬਠਿੰਡਾ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ ਉੱਤੇ ਲਿਆਈ ਤਾਂ ਉਸ ਦੀ ਜਾਂਚ ਵਿੱਚ ਹੋਏ ਖੁਲਾਸਿਆਂ ਦੇ ਕਾਰਨ ਫਿਰੋਜ਼ਪੁਰ ਵਿੱਚ ਰਹਿਣ ਵਾਲਾ ਡਾਕਟਰ ਰਾਜੀਵ ਮੈਨੀ ਵੀ ਇਸ ਕੇਸ ਵਿੱਚ ਗ੍ਰਿਫਤਾਰ ਕਰ ਲਿਆ ਗਿਆ।

# ਮਹਾਨ ਸੁਤੰਤਰਤਾ ਸੈਨਾਨੀ ਤੇ ਇਨਕਲਾਬੀ ਸ਼ਹੀਦ ਊਧਮ ਸਿੰਘ !



-ਹਰਮਨਪ੍ਰੀਤ ਸਿੰਘ-

ਭਾਰਤ ਦੀ ਅਜਾਦੀ ਦੀ ਲਹਿਰ ਜੋਰ ਫੜਦੀ 'ਜਾ ਰਹੀ ਸੀ। ਇਸ ਲਹਿਰ ਨੂੰ ਜੋਰ ਫੜਦੀ ਦੇਖ ਅੰਗਰੇਜ਼ ਸਰਕਾਰ ਦਾ ਮੁੱਖ ਮੰਤਵ ਇਹ ਸੀ 'ਕਿ ਭਾਰਤ ਵਿਚ ਹਰ ਉਹ ਸਮਾਗਮ ਜੋ ਭਾਰਤ ਦੀ ਅਜਾਦੀ ਨਾਲ ਸਬੰਧਤ ਹੋਵੇ ਉਸ ਨੂੰ ਕੁਚਲ ਦਿਤਾ ਜਾਵੇ। ਇਸੇ ਤਰਾਂ ਇਕ ਸਮਾਗਮ ਅੰਮ੍ਰਿਤਸਰ ਦੀ ਧਰਤੀ ਤੇ ਜਲ੍ਹਿਆਂਵਾਲੇ ਬਾਗ 'ਚ ਹੋਇਆ। ਇਹ ਸ਼ਾਂਤ-ਮਈ ਚੱਲ ਰਹੇ ਸਮਾਗਮ ਨੇ ਕਦੋਂ ਖ਼ੂਨੀ ਸਾਕੇ 'ਚ ਬਦਲ ਗਿਆ, ਪਤਾ 'ਹੀ ਲੱਗਾ। ਇਸ ਖ਼ੂਨੀ ਸਾਕੇ ਨੂੰ ਇਕ 'ਵੀਹਾਂ ਸਾਲਾ ਦੇ ਨੌਜਵਾਨ ਨੇ ਅੱਖੀਂ ਵੇਖਿਆ 'ਤੇ ਉਸ ਦਾ ਮਨ ਧੁਰ ਅੰਦਰ ਤੱਕ ਵਲੂੰਧਰਿਆ ਗਿਆ। ਇਹ ਓਹੀ ਸਮਾਂ ਸੀ, ਜਦੋ ਇਕ 'ਵੀਹਾਂ ਸਾਲਾ' ਦੇ ਨੌਜਵਾਨ ਨੇ 'ਇੱਕੀ ਸਾਲਾ' ਤੱਕ ਜਲ੍ਹਿਆਂਵਾਲੇ ਬਾਗ 'ਚ ਵਾਪਰੇ ਸਾਕੇ ਦੀ ਤਸਵੀਰ ਨੂੰ ਇੰਨੇ ਲੰਮੇਂ ਸਮੇਂ ਤੱਕ ਆਪਣੇ ਜਹਿਨ 'ਚ ਤਾਜਾ ਰੱਖਿਆਂ ਤੇ ਨਾਲ ਹੀ ਇਸ ਨੌਜੁਆਨ ਲਈ 'ਇੱਕੀ ਸਾਲਾ' ਤੱਕ ਬਦਲੇ ਦੀ ਅੱਗ ਨੂੰ ਆਪਣੇ ਸੀਨੇ 'ਚ ਬਾਲੀ ਰੱਖਣਾ ਕੋਈ ਸੌਖਾ ਕੰਮ ਨਹੀਂ ਸੀ। ਇਹ ਨੌਜਵਾਨ ਸੀ, ਮਹਾਨ ਸੁਤੰਤਰਤਾ ਸੈਨਾਨੀ ਤੇ ਇਨਕਲਾਬੀ ਸ਼ਹੀਦ ਊਧਮ ਸਿੰਘ ਜਿਨ੍ਹਾਂ ਮਾਤਾ ਹਰਨਾਮ ਕੌਰ ਦੀ ਕੁੱਖੋਂ 26 ਦਸੰਬਰ 1899 ਈ: ਨੂੰ ਸਰਦਾਰ ਟਹਿਲ ਸਿੰਘ ਜੰਮੂ ਦੇ ਘਰ ਸੰਗਰੂਰ ਜ਼ਲ੍ਹਿ ਦੇ ਪਿੰਡ ਸੁਨਾਮ ਵਿਚ ਜਨਮ ਲਿਆ ਤੇ ਉਨ੍ਹਾਂ ਦਾ ਬਚਪਨ ਦਾ ਨਾਮ ਸ਼ੇਰ ਸਿੰਘ ਹੁੰਦਾ ਸੀ ਜੋ ਬਾਅਦ ਵਿਚ ਊਧਮ ਸਿੰਘ ਹੋਇਆ ਤੇ ਸਮੇਂ ਦੇ ਬੀਤਣ ਨਾਲ ਊਧਮ ਸਿੰਘ ਭਾਰਤ ਦੇ ਤਿੰਨ ਪ੍ਰਮੁੱਖ ਧਰਮਾਂ ਹਿੰਦੂ, ਇਸਲਾਮ ਤੇ ਸਿੱਖ ਧਰਮ ਦੇ ਏਕੀਕਰਨ ਦੇ ਪ੍ਰਤੀਕ ਵਜੋਂ 'ਰਾਮ-ਮੁਹੰਮਦ-ਸਿੰਘ-ਆਜ਼ਾਦ' ਵੀ ਕਹਿਲਾਇਆ ਅਤੇ ਜਿਵੇਂ ਊਧਮ ਸਿੰਘ ਦਾ ਬਚਪਨ ਦਾ ਨਾਮ ਸ਼ੇਰ ਸਿੰਘ ਸੀ, ਉਸੇ ਤਰਾਂ ਉਨ੍ਹਾਂ ਦੇ ਭਰਾ ਦਾ ਬਚਪਨ ਦਾ ਨਾਮ ਮੁਕਤ ਸਿੰਘ ਸੀ ਜੋ ਬਾਦ ਵਿਚ ਸਾਧੂ ਸਿੰਘ ਦੇ ਨਾਮ ਨਾਲ ਜਾਣੇ ਗਏ। ਊਧਮ ਸਿੰਘ ਦਾ ਪਰਿਵਾਰ ਗੋਤ ਜੰਮੂ ਤੇ ਕੰਬੋਜ ਸਿੱਖ ਬਰਾਦਰੀ ਨਾਲ ਸਬੰਧਿਤ ਸੀ । ਊਧਮ ਸਿੰਘ ਦੇ ਮਾਤਾ ਜੀ ਉਨ੍ਹਾਂ ਨੂੰ ਛੋਟੀ ਉਮਰੇ ਹੀ ਇਸ ਸੰਸਾਰ ਤੇ ਛੱਡ ਸੰਨ 1901 'ਚ ਸਵਰਗ ਸਿਧਾਰ ਗਏ ਸਨ ਤੇ ਪਿਤਾ ਜੀ 'ਜੋ ਪਿੰਡ ਉੱਪਲੀ ਵਿੱਚ ਰੇਲਵੇ ਕਰਾਸਿੰਗ ਉੱਤੇ ਚੌਕੀਦਾਰ ਸਨ, ਉਹ ਸੰਨ 1907 'ਚ ਸਵਰਗ ਸਿਧਾਰ ਗਏ। ਊਧਮ ਸਿੰਘ ਦੇ ਮਾਤਾ-ਪਿਤਾ ਦੇ ਸਵਰਗ ਸਿਧਾਰਨ ਮਗਰੋਂ ਉਨ੍ਹਾਂ ਦੇ ਇਕ ਰਿਸ਼ਤੇਦਾਰ 'ਜੋ ਅੰਮ੍ਰਿਤਸਰ ਵਿਖੇ ਰਾਗੀ ਸਿੰਘ ਵਜੋਂ ਸੇਵਾ ਕਰਦਾ ਸੀ, ਉਸਨੇ ਊਧਮ ਸਿੰਘ ਤੇ ਉਨ੍ਹਾਂ ਦੇ ਭਰਾ ਸਾਧੂ ਸਿੰਘ ਨੂੰ ਪੁਤਲੀ ਘਰ ਅੰਮ੍ਰਿਤਸਰ ਵਿਖੇ ਸਤਿਥ 'ਕੇਂਦਰੀ ਖਾਲਸਾ ਯਤੀਮ ਘਰ' ਵਿਖੇ ਪੜ੍ਹਨੇ ਪਾਇਆ ਇਥੇ ਊਧਮ ਸਿੰਘ ਨੇ ਸੰਨ 1917 'ਚ ਦਸਵੀਂ ਜਮਾਤ ਪਾਸ ਕਰ ਲਈ ਸੀ। ਇਸੇ ਦੌਰਾਨ ਊਧਮ ਸਿੰਘ ਨੇ ਭਾਰਤ ਦੀ ਅਜਾਦੀ ਨਾਲ ਸਬੰਧਤ ਸਮਾਗਮਾ 'ਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ।

ਇਕ ਘਟਣਾ ਦਾ ਊਧਮ ਸਿੰਘ ਦੇ ਮਨ ਤੇ ਬਹੁਤ ਡੂੰਘਾ ਅਸਰ ਪਿਆ ਉਹ ਸੀ, 13 ਅਪ੍ਰੈਲ 1919 ਈ: 'ਚ ਜਲ੍ਹਿਆਂ ਵਾਲਾ ਬਾਗ ਦੇ ਖ਼ੂਨੀ ਸਾਕੇ ਦੀ, ਇਸ ਘਟਣਾ ਤੋਂ ਬਾਅਦ ਉਨ੍ਹਾਂ ਜਲ੍ਹਿਆਂਵਾਲਾ ਬਾਗ ਦੀ ਮਿੱਟੀ ਆਪਣੇ ਹੱਥਾਂ ਵਿੱਚ ਲੈ ਕੇ ਜਲ੍ਹਿਆਂਵਾਲਾ ਬਾਗ ਕਤਲੇਆਮ ਨੂੰ ਅੰਜਾਮ ਦੇਣ ਵਾਲੇ ਮਾਈਕਲ ਓਡਵਾਇਰ ਤੋਂ ਬਦਲਾ ਲੈਣ ਦਾ ਪ੍ਰਣ ਲਿਆ। ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ ਉਨ੍ਹਾਂ ਇਸ ਸਾਕੇ ਦਾ ਦਰਦ ਆਪਣੇ ਸੀਨੇ 'ਚ ਜਿਉਂਦਾ ਰੱਖਿਆ,ਹੋਇਆ ਇਉ ਕਿ ਵਿਸਾਖੀ ਵਾਲੇ ਦਿਨ ਜਲ੍ਹਿਆਂਵਾਲਾ ਬਾਗ 'ਚ ਚੱਲ ਰਹੇ ਸਮਾਗਮ ਵਿਚ ਹਜ਼ਾਰਾਂ ਲੋਕ



ਸ਼ਾਮਲ ਹੋਣ ਲਈ ਪਹੁੰਚੇ ਸਨ। ਅੰਗਰੇਜ ਸੈਨਿਕਾਂ ਨੇ ਜਲ੍ਹਿਆਂਵਾਲਾ ਬਾਗ ਨੂੰ ਚਾਰੇ ਪਾਸੇ ਤੋਂ ਘੇਰ ਲਿਆ ਅਤੇ ਬਿਨਾਂ ਕਿਸੇ ਚਿਤਾਵਨੀ ਦਿੱਤੇ, ਹਜ਼ਾਰਾਂ ਨਿਹੱਥੇ ਲੋਕਾਂ 'ਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਉਥੇ ਮੌਜੂਦ ਲੋਕਾਂ ਨੇ ਆਪਣੀ ਜਾਨ ਬਚਾਉਣ ਲਈ ਬਾਹਰ ਨਿਕਲਣ ਦੀ ਕੋਸ਼ਸ਼ਿ ਕੀਤੀ, ਪ੍ਰੰਤੂ ਨਿਕਲ ਨਾ ਸਕੇ, ਬਹੁਤ ਸਾਰੇ ਲੋਕਾ ਨੇ ਆਪਣੀ ਜਾਨ ਬਚਾਉਣ ਲਈ ਬਾਗ਼ ਵਿਚ ਬਣੇ ਖ਼ੂਹ ਵਿਚ ਛਾਲਾ ਮਾਰ ਦਿੱਤੀਆਂ ਸਨ। ਅੱਜ ਵੀ ਇਹ ਸ਼ਹੀਦੀ ਖ਼ੂਹ ਜਲ੍ਹਿਆਂਵਾਲਾ ਬਾਗ ਵਿਚ ਮੌਜੂਦ ਹੈ। ਜਨਰਲ ਡਾਇਰ ਦੇ ਹੁਕਮ 'ਤੇ ਅੰਗਰੇਜ ਫੌਜ ਨੇ ਲਗਾਤਾਰ ਦਸ ਮਿੰਟ ਫਾਇਰਿੰਗ ਕੀਤੀ। ਇਸ ਘਟਨਾ ਵਿਚ ਤਕਰੀਬਨ 1,650 ਰੌਂਦ ਫਾਇਰ ਕੀਤੇ ਗਏ ਸਨ। ਅੰਗਰੇਜ ਸਰਕਾਰ ਦੇ ਮੁਤਾਬਿਕ, ਇਸ ਗੋਲੀਬਾਰੀ ਵਿੱਚ ਤਕਰੀਬਨ 379 ਲੋਕ ਮਾਰੇ ਗਏ ਸਨ ਅਤੇ 1,200 ਲੋਕ ਜ਼ਖਮੀ ਹੋਏ ਸਨ ਪ੍ਰੰਤੂ ਸੱਚਾਈ ਕੁਝ ਹੋਰ ਸੀ। ਉਸ ਦਿਨ ਲੱਗ-ਭੱਗ 1000 ਤੋਂ ਵੱਧ ਲੋਕ ਸ਼ਹੀਦ ਹੋਏ ਸਨ, ਜਿਨ੍ਹਾਂ ਵਿੱਚੋਂ ਤਕਰੀਬਨ 120 ਦੀਆਂ ਲਾਸ਼ਾਂ ਮਿਲੀਆਂ ਸਨ ਅਤੇ 1200 ਤੋਂ ਵੱਧ ਲੋਕ ਜ਼ਖਮੀ ਹੋਏ ਸਨ। ਇਹ ਸਭ ਊਧਮ ਸਿੰਘ ਨੇ ਆਪਣੀ ਅੱਖੀ ਵੇਖਿਆ ਤੇ ਬਦਲਾ ਲੈਣ ਲਈ ਕ੍ਰਾਂਤੀਕਾਰੀ, ਦੇਸ਼ ਭਗਤਾ ਨਾਲ ਆਪਣੇ ਚੰਗੇ ਸੰਬੰਧ ਸਥਾਪਤ ਕਰ ਲਏ ਸਨ। ਉਨ੍ਹਾਂ ਗ਼ਦਰ ਪਾਰਟੀ 'ਚ ਸਰਗਰਮ ਕ੍ਰਾਂਤੀਕਾਰੀ ਮੈਂਬਰ ਵਜੋਂ ਅਮਰੀਕਾ, ਨਿਊਯਾਰਕ ਆਦਿ ਦੇਸ਼ਾ ਦੀਆ ਯਾਤਰਾਵਾਂ ਕੀਤੀਆਂ। ਇਨਕਲਾਬੀ ਲੋਕਾ ਨੂੰ ਇਕੱਠਾ ਕਰ ਨਵੀਂ ਪਾਰਟੀ ਦੀ ਸਥਾਪਨਾ ਕੀਤੀ ਗਈ , ਜਿਸ ਦਾ ਨਾਮ ਆਜ਼ਾਦ ਪਾਰਟੀ ਰੱਖਿਆ ਗਿਆ। ਕ੍ਰਾਂਤੀਕਾਰੀ, ਦੇਸ਼ ਭਗਤਾ ਨੂੰ ਵਿਦੇਸ਼ਾ ਵਿਚ ਭਾਰਤ ਦੀ ਅਜ਼ਾਦੀ ਲਈ ਲਾਮਬੰਦ ਕਰਨ ਲਈ ਊਧਮ ਸਿੰਘ ਨੇ ਅਮਰੀਕਾ, ਕੈਨੇਡਾ, ਜਰਮਨੀ, ਸਵੀਡਨ , ਨਾਰਵੇ, ਫਰਾਂਸ, ਇੰਗਲੈਂਡ, ਇਟਲੀ, ਹੰਗਰੀ, ਹਾਲੈਂਡ ਅਤੇ ਪੋਲੈਂਡ ਆਦਿ ਦੇਸ਼ਾ ਦੀਆ ਯਾਤਰਾਵਾਂ ਕੀਤੀਆਂ। ਇਨ੍ਹਾਂ ਦੇਸ਼ਾ ਦੀਆ ਯਾਤਰਾਵਾਂ ਦੌਰਾਨ ਉਹ ਕਈ ਨਾਵਾਂ ਨਾਲ ਜਾਣੇ ਜਾਂਦੇ ਸਨ, ਜਿਵੇਂ : ਸ਼ੇਰ ਸਿੰਘ, ਉਦੇ ਸਿੰਘ, ਮੁਹੰਮਦ ਸਿੰਘ ਆਜ਼ਾਦ, ਐਮ.ਐਸ.ਆਜ਼ਾਦ, ਅਤੇ ਫਰੈਂਕ ਬ੍ਰਾਜ਼ੀਲ ਆਦਿ।

ਹੁਣ ਸਮਾਂ 'ਆ ਗਿਆ ਸੀ, ਅੰਗਰੇਜ ਸਰਕਾਰ ਤੋਂ ਬਦਲਾ ਲੈਣ ਦਾ, ਇਹ ਓਹੀ ਬਦਲਾ ਸੀ, ਜਿਸ ਦਾ ਸੁਪਨਾ ਇਕ 'ਵੀਹਾਂ ਸਾਲਾ' ਦੇ ਨੌਜਵਾਨ ਨੇ 'ਇੱਕੀ ਸਾਲਾ' ਤੱਕ ਜਲ੍ਹਿਆਂਵਾਲੇ ਬਾਗ 'ਚ ਵਾਪਰੇ ਸਾਕੇ ਦੀ ਤਸਵੀਰ ਨੂੰ ਆਪਣੇ ਜਹਿਨ 'ਚ ਤਾਜਾ ਰੱਖਿਆਂ। ਊਧਮ ਸਿੰਘ ਜਲ੍ਹਿਆਂ ਵਾਲੇ ਬਾਗ 'ਚ ਵਾਪਰੇ ਸਾਕੇ ਦਾ ਬਦਲਾ ਲੈਣ ਲਈ ਮਾਈਕਲ ਉਡਵਾਇਰ ਨੂੰ ਗੋਲੀ ਮਾਰਨ ਲਈ ਆਪਣੀ ਪਿਸਤੌਲ ਨੂੰ ਇੱਕ ਮੋਟੀ ਕਿਤਾਬ ਵਿੱਚ ਲੁਕਾ ਕੇ 13 ਮਾਰਚ ਸੰਨ 1940 ਨੂੰ ਇੰਗਲੈਂਡ ਵਿਖੇ ਲੰਡਨ ਦੇ ਕੈਕਸਟਨ ਹਾਲ ਵਿੱਚ ਦਾਖਲ ਹੋਇਆ। ਊਧਮ ਸਿੰਘ ਨੇ ਆਪਣੀ ਪਿਸਤੌਲ ਨੂੰ ਆਪਣੇ ਕੋਲ ਲਕੋਣ ਲਈ ਇਕ ਮੋਟੀ ਕਿਤਾਬ ਦੇ ਪੰਨਿਆਂ ਨੂੰ ਪਿਸਤੌਲ ਦੀ ਸ਼ਕਲ ਵਿੱਚ ਇਸ ਤਰੀਕੇ ਨਾਲ ਕੱਟਿਆ ਸੀ ਕਿ ਕੋਈ ਸੋਚ ਵੀ ਨਹੀਂ ਸਕਦਾ ਸੀ ਕਿ ਉਨ੍ਹਾਂ ਕੋਲ ਕੋਈ ਹਥਿਆਰ ਹੈ। ਊਧਮ ਸਿੰਘ ਨੇ ਆਪਣਾ ਭੇਸ਼ ਬਦਲਾਇਆ ਹੋਇਆ ਸੀ ਤੇ ਉਹ ਪਹੁੰਚ ਗਏ, ਲੰਡਨ ਦੇ ਕੈਕਸਟਨ ਹਾਲ ਵਿੱਚ ਜਿੱਥੇ ਬਰਤਾਨਵੀ ਉੱਚ ਅਧਿਕਾਰੀਆ ਦੀ ਮੀਟਿੰਗ 'ਹੋ ਰਹੀ ਸੀ। ਇਹ ਮੀਟਿੰਗ 'ਈਸਟ ਇੰਡੀਆ ਐਸੋਸੀਏਸ਼ਨ ਐਂਡ ਸੈਂਟਰਲ ਏਸ਼ੀਅਨ ਸੋਸਾਇਟੀ' ਦੁਆਰਾ ਕੀਤੀ ਜਾ ਰਹੀ ਸੀ। ਮੀਟਿੰਗ ਖਤਮ ਹੁੰਦਿਆਂ ਹੀ ਊਧਮ ਸਿੰਘ ਨੇ ਆਪਣਾ ਪਿਸਤੌਲ ਜੋ ਕਿਤਾਬ ਵਿਚ ਛੁਪਾ ਕੇ ਰੱਖਿਆ ਹੋਇਆ ਸੀ, ਉਸ ਨੂੰ ਕੱਢਿਆ ਤੇ ਗੋਲੀਆਂ ਚਲਾ ਉਸ ਸਮੇਂ ਦੇ, ਪੰਜਾਬ ਦੇ ਗਵਰਨਰ ਮਾਈਕਲ ਉਡਵਾਇਰ ਨੂੰ ਮੌਕੇਤੇ ਹੀ ਮੌਤ ਦੇ ਘਾਟ ਉਤਾਰ ਦਿਤਾ। ਊਧਮ ਸਿੰਘ ਨੇ ਉਥੋਂ ਭੱਜਣ ਦੀ ਕੋਸ਼ਿਸ਼ ਨਹੀਂ ਕੀਤੀ। ਜਲ੍ਹਿਆਂਵਾਲੇ ਬਾਗ 'ਚ ਵਾਪਰੇ ਸਾਕੇ ਦਾ ਬਦਲਾ ਲੈਣ ਦੀ ਖੁਸ਼ੀ ਉਨ੍ਹਾਂ ਦੇ ਚਿਹਰੇ ਤੋਂ ਸਾਫ ਦਿਖਾਈ 'ਦੇ ਰਹੀ ਸੀ। ਊਧਮ ਸਿੰਘ ਦੇ ਖ਼ਿਲਾਫ ਬਰਤਾਨਵੀ ਅਦਾਲਤ 'ਚ ਮੁਕੱਦਮਾ ਦਾਇਰ ਹੋਇਆ ਤੇ 4 ਜੂਨ, 1940 ਨੂੰ ਉਨ੍ਹਾਂ ਨੂੰ ਕਤਲ ਦਾ ਦੋਸ਼ੀ ਠਹਿਰਾਇਆ ਗਿਆ। ਇਸ ਉਪਰੰਤ ਊਧਮ ਸਿੰਘ ਨੂੰ 31 ਜੁਲਾਈ 1940 ਨੂੰ ਲੰਡਨ ਦੀ ਪੈਨਟੋਨਵਿਲੇ ਜੇਲ੍ਹ 'ਚ ਫਾਂਸੀ ਦਿੱਤੀ ਗਈ। ਸ਼ਹੀਦ ਊਧਮ ਸਿੰਘ ਜੀ ਦੀਆ ਅਸਥੀਆਂ ਨੂੰ ਸੰਨ 1975 'ਚ ਭਾਰਤ ਲਿਆਂਦਾ ਗਿਆ। ਸ਼ਹੀਦ ਊਧਮ ਸਿੰਘ ਜੀ ਦੀਆ ਅਸਥੀਆਂ ਨੂੰ ਭਾਰਤ ਦੇ ਅਲੱਗ-ਅਲੱਗ ਸਥਾਨਾਂ ਤੇ ਦਫ਼ਨਾਇਆ ਅਤੇ ਜਲ ਪ੍ਰਵਾਹ ਕੀਤਾ ਗਿਆ। ਉਨ੍ਹਾਂ ਦੀਆ ਅਸਥੀਆਂ ਦੇ ਸੱਤ ਕਲਸ਼ ਤਿਆਰ ਕਰੇ ਗਏ ਸਨ ਜਿਨ੍ਹਾਂ ਵਿੱਚੋ ਇਕ ਕਲਸ਼ ਨੂੰ ਰੋਜ਼ਾ ਸ਼ਰੀਫ (ਸਰਹਿੰਦ) ਵਿੱਚ ਦਫ਼ਨਾਇਆ ਗਿਆ। ਇਕ ਕਲਸ਼ ਨੂੰ ਕਿਰਤਪੁਰ ਸਾਹਿਬ ਵਿਖੇ ਜਲ ਪ੍ਰਵਾਹ ਕੀਤਾ ਗਿਆ। ਇਕ ਕਲਸ਼ ਨੂੰ ਹਰਿਦੁਆਰ ਵਿਖੇ ਜਲ ਪ੍ਰਵਾਹ ਕੀਤਾ ਗਿਆ। ਇਕ ਕਲਸ਼ ਨੂੰ ਜਲ੍ਹਿਆਂਵਾਲੇ ਬਾਗ 'ਚ ਅਤੇ ਇਕ ਕਲਸ਼ ਨੂੰ ਸੁਨਾਮ ਦੇ ਖੇਡ ਸਟੇਡੀਅਮ 'ਚ ਤੇ ਬਾਕੀ ਦੇ 'ਦੋ ਕਲਸ਼ ਸਰਕਾਰੀ ਕਾਲਜ ਸੁਨਾਮ ਦੀ ਲਾਇਬ੍ਰੇਰੀ 'ਚ ਰੱਖੇ ਗਏ। ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿਚ ਅਮਰ ਹੋਏ, ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਦੇਸ਼ ਵਾਸੀਆਂ ਨੂੰ ਸਦਾ ਹੀ ਜਬਰ-ਜ਼ੁਲਮ ਦੇ ਖ਼ਿਲਾਫ ਲੜਨ ਲਈ ਪ੍ਰੇਰਿਤ ਕਰਦੀ ਰਹੇਗੀ।

ਹਰਮਨਪ੍ਰੀਤ ਸਿੰਘ,
ਸਰਹਿੰਦ, ਜ਼ਿਲ੍ਹਾ : ਫ਼ਤਹਿਗੜ੍ਹ ਸਾਹਿਬ,
ਸੰਪਰਕ : 98550 10005

# ਜ਼ਰੂਰੀ ਹੈ ਮਾਵਾਂ ਦਾ ਬੱਚਿਆਂ ਨਾਲ ਦੋਸਤਾਨਾ ਵਿਹਾਰ

ਹਰ ਬੱਚਾ ਆਪਣੀ ਮਾਂ ਦੇ ਸਭ ਤੋਂ ਵੱਧ ਕਰੀਬ ਹੁੰਦਾ ਹੈ। ਮਾਂ ਦੀ ਅਥਾਹ ਮਮਤਾ , ਸਨੇਹ ਮਾਂ ਦੇ ਰਿਸ਼ਤੇ ਨੂੰ ਦੁਨੀਆਂ ਦਾ ਸਭ ਤੋਂ ਪਿਆਰਾ ਰਿਸ਼ਤਾ ਹੋਣ ਦਾ ਦਰਜਾ ਦਿੰਦਾ ਹੈ। ਜੇਕਰ ਮਾਂ ਅਤੇ ਧੀ ਦੇ ਰਿਸ਼ਤੇ ਦੀ ਗੱਲ ਕਰੀਏ ਤਾਂ ਮਾਂ ਧੀ ਦਾ ਰਿਸ਼ਤਾ ਇਸ ਜੱਗ ਦਾ ਬਹੁਤ ਹੀ ਪਿਆਰਾ ਅਤੇ ਸਨੇਹ ਭਰਿਆ ਰਿਸ਼ਤਾ ਹੈ। 'ਮਾਵਾਂ ਤੇ ਧੀਆਂ ਦੋਵੇਂ ਰਲ ਬੈਠੀਆਂ ਨੀ ਮਾਏਂ" ਵਰਗੇ ਗੀਤ ਮਾਂ ਧੀ ਦੇ ਰਿਸ਼ਤੇ ਦੇ ਨਿੱਘ ਦਾ ਅਹਿਸਾਸ ਕਰਵਾਉਂਦੇ ਹਨ। ਪੇਕੇ ਹੋਣ ਜਾਂ ਸਹੁਰੇ ਧੀਆਂ ਹਮੇਸ਼ਾ ਆਪਣੀਆਂ ਮਾਵਾਂ ਕੋਲੋਂ ਢਿੱਡ ਫਰੋਲਦੀਆਂ ਹਨ ਅਤੇ ਮਾਵਾਂ ਧੀਆਂ ਕੋਲ। ਪਰ ਕਈ ਵਾਰ ਐਦਾਂ ਵੀ ਹੁੰਦਾ ਹੈ ਕਿ ਮਾਂ ਧੀ ਦੋਹਾਂ ਵਿੱਚ ਇੱਕ ਝਕ ਹੁੰਦੀ ਹੈ, ਜਿਸ ਕਰਕੇ ਧੀ ਕਈ ਵਾਰ ਆਪਣੀ ਮਾਤਾ ਨਾਲ ਕਈ ਗੱਲਾਂ ਸਾਂਝੀਆਂ ਕਰਨ ਤੋਂ ਝਕਦੀ ਰਹਿੰਦੀ ਹੈ ਅਤੇ ਇਸੇ ਕਾਰਨ ਕਈ ਵਾਰ ਕਈ ਮੁਸ਼ਕਿਲਾਂ ਵਿੱਚ ਫਸ ਜਾਂਦੀ ਹੈ।

ਇਥੋ ਮਾਵਾਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਬੇਟੀਆਂ ਦੀਆਂ ਸਹੇਲੀਆਂ ਬਣ ਜਾਵਣ। ਇਸ ਨਾਲ ਬੇਟੀ ਤੁਹਾਡੇ ਕੋਲੋਂ ਕੋਈ ਵੀ ਗੱਲ ਨਹੀਂ ਛੁਪਾਏਗੀ ਅਤੇ ਹਰ ਗੱਲ ਬੇਝਿਜਕ ਹੋਕੇ ਤੁਹਾਡੇ ਨਾਲ ਸਾਂਝੀ ਕਰੇਗੀ। ਇਹੀ ਅੱਜ ਦੇ ਬੱਚਿਆਂ ਦੀ ਸਭ ਤੋਂ ਵੱਡੀ ਮੰਗ ਹੈ। ਜੇਕਰ ਤੁਹਾਨੂੰ ਲੱਗ ਰਿਹਾ ਹੈ ਕਿ ਤੁਹਾਡੇ ਬੱਚੇ ਜਾਂ ਬੱਚੀ ਦਾ ਅਫੇਅਰ ਹੈਂ ਤਾਂ ਉਸ ਦੀ ਜਾਸੂਸੀ ਨਾ ਕਰਨੀ ਸ਼ੁਰੂ ਕਰ ਦਿਓ, ਉਹਨਾਂ ਨੂੰ ਵਿਸ਼ਵਾਸ ਵਿੱਚ ਲੈਕੇ ਉਨ੍ਹਾਂ ਨਾਲ ਗੱਲ ਕਰੋ। ਪੂਰੀ ਗੱਲ ਜਾਣ ਕੇ ਉਹਨਾਂ ਨੂੰ ਚੰਗੇ ਬੁਰੇ ਦਾ ਅੰਤਰ ਸਮਝਾਉ ਅਤੇ ਸਹੀ ਰਾਹ ਦਸੇਰਾ ਬਣੋ। ਦੋਸਤਾਨਾ ਹੋਣ ਦਾ ਮਤਲਬ ਇਹ ਨਹੀਂ ਕਿ ਜ਼ਰਾ ਵੀ ਸ਼ਖਤ ਨਾ ਹੋਵੋ, ਹਾਂ ਪਰ ਇਹ ਜਰੂਰੀ ਹੈ ਕਿ ਤੁਹਾਡਾ ਹਰ



ਹਰਕੀਰਤ ਕੌਰ

ਵਿਵਹਾਰ ਆਪਣੀ ਸੀਮਾ ਵਿੱਚ ਹੋਵੇ। ਆਪਣੇ ਬੱਚਿਆਂ ਦੀ ਤਾਰੀਫ਼ ਕਰਨੀ ਕਦੇ ਨਾ ਭੁੱਲੋ, ਖਾਸ ਕਰ ਛੋਟੇ ਬੱਚਿਆਂ ਦੀ। ਇਸ ਨਾਲ ਉਹਨਾਂ ਦਾ ਹੌਸਲਾਂ ਵੱਧਦਾ ਹੈ ਅਤੇ ਆਤਮ ਵਿਸ਼ਵਾਸ ਵੀ। ਮਹਿਮਾਨਾਂ ਸਾਹਮਣੇ ਜਾਂ ਕਿਸੇ ਅਣਜਾਣ ਸਾਹਮਣੇ ਬੱਚਿਆਂ ਨੂੰ ਝਿੜਕਣ ਤੋਂ ਗੁਰੇਜ਼ ਕੀਤਾ ਜਾਵੇ। ਬੱਚਿਆਂ ਨਾਲ ਜੇਕਰ ਕੋਈ ਮਨ ਮੁਟਾਵ ਹੈਂ ਤਾਂ ਉਸਨੂੰ ਤਰੁੰਤ ਦੂਰ ਕੀਤਾ ਜਾਵੇ ਤਾਂ ਜੋ ਬੱਚਾ ਮਾਨਸਿਕ ਤੌਰ ਉੱਪਰ ਪ੍ਰੇਸ਼ਾਨ ਨਾ ਹੋਵੇ। ਜੇਕਰ ਬੱਚਾ ਕੁਝ ਉਤਸੁਕਤਾ ਨਾਲ ਦੱਸਣਾ ਚਾਹੁੰਦਾ ਹੈ ਤਾਂ ਉਸਨੂੰ ਅਣਸੁਣਿਆਂ ਬਿਲਕੁਲ ਨਾ ਕੀਤਾ ਜਾਵੇ। ਖਾਸ ਕਰ ਜਦੋਂ ਬੱਚਾ ਕਿਸ਼ੋਰ ਅਵਸਥਾ ਵਿੱਚ ਹੋਵੇ। ਬੱਚਿਆਂ ਨਾਲ ਉਹਨਾਂ ਦੀ ਉਮਰ ਦੇ ਹਿਸਾਬ ਨਾਲ ਵਿਵਹਾਰ ਕਰੋ। ਇੱਥੇ ਇੱਕ ਗੱਲ ਹੋਰ ਧਿਆਨ ਵਿੱਚ ਰੱਖਣ ਵਾਲੀ ਹੈ ਕਿ ਬੱਚਿਆਂ ਉਪਰ ਕਦੇ ਵੀ ਆਪਣੀਆਂ ਇੱਛਾਵਾਂ ਨਾ ਥੋਪੋ । ਉਹਨਾਂ ਨੂੰ ਜੋ ਪਸੰਦ ਹੈ ਉਹ ਕਰਨ ਦਿੱਤਾ ਜਾਵੇ ਖਾਸ ਕਰ ਪੜਾਈ ਦੇ ਵਿਸ਼ੇ ਚੁਣਨ ਵਿੱਚ। ਅਕਸਰ ਬਹੁਤਾਂਤ ਮਾਤਾ ਪਿਤਾ ਆਪਣੇ ਬੱਚਿਆਂ ਪ੍ਰਤੀ ਉਹੀ ਵਿਵਹਾਰ ਰੱਖਦੇ ਹਨ ਜੋ ਉਹਨਾਂ ਦੇ ਮਾਤਾ ਪਿਤਾ ਦਾ ਸੀ। ਪ੍ਰੰਤੂ ਸਮੇਂ ਨਾਲ ਬਦਲਣਾ ਸਮੇਂ ਦੀ ਮੰਗ ਹੁੰਦੀ ਹੈ। ਬੱਚਿਆਂ ਅਤੇ ਮਾਤਾ ਪਿਤਾ ਦੀ ਸੋਚ ਵਿੱਚ ਫਰਕ ਹੁੰਦਾ ਹੈ। ਜਿਸ ਕਰਕੇ ਕਈ ਵਾਰ ਇੱਕ ਦੂਸਰੇ ਦੀਆਂ ਗੱਲਾਂ ਅਨੁਸਾਰ ਆਪਣੇ ਆਪ ਨੂੰ ਢਾਲਣ ਵਿੱਚ ਮੁਸ਼ਕਿਲ ਹੁੰਦੀ ਹੈ।

ਬੱਚਿਆਂ ਨੂੰ ਸਖਤਾਈ ਦੀ ਨਹੀਂ ਬਲਕਿ ਸਨੇਹ ਅਤੇ ਅਪਣੱਤ ਦੀ ਜਰੂਰਤ ਹੁੰਦੀ ਹੈ। ਬੱਚਿਆਂ ਨਾਲ ਦੋਸਤਾਨਾ ਵਿਹਾਰ ਬੱਚਿਆਂ ਨੂੰ ਤੁਹਾਡੇ ਹੋਰ ਨਜ਼ਦੀਕ ਲੈਕੇ ਆਵੇਗਾ, ਤੁਸੀਂ ਬੱਚਿਆਂ ਨੂੰ ਚੰਗੀ ਤਰ੍ਹਾਂ ਸਮਝਣ ਲੱਗ ਜਾਵੋਗੇ ਅਤੇ ਤੁਹਾਡੇ ਨਾਲ ਨਾਲ ਬੱਚੇ ਵੀ ਤਨਾਣਮੁਕਤ ਰਹਿਣਗੇ। ਪਰਿਵਾਰ ਵਿੱਚ ਹਮੇਸ਼ਾ ਖੁਸ਼ੀ ਦਾ ਮਾਹੌਲ ਬਣਿਆ ਰਹੇਗਾ ਅਤੇ ਹਰ ਕੋਈ ਆਪਣੀ ਜਗ੍ਹਾ ਉੱਪਰ ਅਰਾਮਦਾਇਕ ਅਤੇ ਸਹਿਜ ਭਰੀ ਜ਼ਿੰਦਗੀ ਜੀਵੇਗਾ।

ਹਰਕੀਰਤ ਕੌਰ
9779118066

# ਕਹਾਣੀ

# ਰਾਜੇ ਦੀਆ ਸੱਤ ਬੇਟੀਆਂ



-ਮਨਦੀਪ ਖਾਨਪੁਰੀ-

ਇਕ ਰਾਜੇ ਦੀਆ ਸੱਤ ਬੇਟੀਆ ਸਨ ਉਸਦੀ ਪਹਿਲੀ ਰਾਣੀ ਦਾ ਦੇਹਾਂਤ ਹੋ ਚੁੱਕਾ ਸੀ ਹੁਣ ਉਹ ਦੂਸਰੀ ਰਾਣੀ ਨਾਲ ਰਹਿ ਰਿਹਾ ਸੀ ਜਿਸਦੀ ਆਪਣੀ ਤਾ ਕੋਈ ਸੰਤਾਨ ਨਹੀ ਸੀ ਬਸ ਪਹਿਲੀ ਰਾਣੀ ਦੀਆ ਸੱਤ ਬੇਟੀਆ ਹੀ ਸੀ ਜੋ ਉਸਨੂੰ ਮਾਂ ਕਹਿੰਦੀਆ ਸਨ

ਪਰ ਰਾਣੀ ਉਹਨਾ ਨੂੰ ਚੰਗਾ ਨਹੀ ਸਮਝਦੀ ਸੀ ਸੱਤ ਦੀ ਸੱਤ ਅੰਨ ਬਹੁਤ ਖਾਦੀਆ ਸੀ ਰਾਣੀ ਜਿੰਨਾ ਵੀ ਕੁਝ ਬਣਾਉਦੀ ਸਾਰਾ ਖਾ ਪੀ ਜਾਦੀਆ ਕਈ ਵਾਰ ਤਾ ਰਾਣੀ ਨੂੰ ਖੁੱਦ ਭੁੱਖੇ ਸੌਣਾ ਪੈਦਾ ਇਕ ਵਾਰੀ ਰਾਣੀ ਨੂੰ ਤਰਕੀਬ ਸੁੱਝੀ ਉਸਨੇ ਰਾਤ ਨੂੰ ਜਦੋ ਉਹ ਸੌਂ ਗਈਆ ਆਪਣੇ ਲਈ ਤਰਾ ਤਰਾ ਦੇ ਪਕਵਾਨ ਬਣਾਏ ਸੋਚਿਆ ਅੱਜ ਜੀਅ ਭਰਕੇ ਭੋਜਨ ਦਾ ਆਨੰਦ ਆਵੇਗਾ ਨਾਲ ਉਸਨੇ ਰਾਜੇ ਨੂੰ ਵੀ ਉਠਾ ਲਿਆ

ਦੋਨੋ ਜਦ ਖਾਣ ਹੀ ਲੱਗੇ ਸਾਰੀਆ ਖੁੰਭ ਵਾਗੂੰ ਉੱਠ ਕੇ ਬੈਠ ਗਈਆ ਸਾਰਾ ਕੁਝ ਬਿਨਾ ਡਕਾਰ ਲਏ ਹਜ਼ਮ ਕਰ ਗਈਆ ਰਾਣੀ ਮੂੰਹ ਵੱਲ ਦੇਖਦੀ ਰਹਿ ਗਈ ਰਾਣੀ ਨੂੰ ਬੜਾ ਗੁੱਸਾ ਆਇਆ ਸਾਰੀ ਰਾਤ ਸੁੱਤੀ ਨੀ ਸੋਚਦੀ ਰਹੀ ਇਹਨਾ ਦਾ ਕੀ ਕੀਤਾ ਜਾਵੇ ਸੋਚਦੇ ਸੋਚਦੇ ਉਸਨੇ ਇਕ ਹੱਲ ਲੱਭ ਗਿਆ ਨਾਲ ਪਏ ਰਾਜੇ ਨੂੰ ਸਾਰਾ ਸਮਝਾ ਦਿੱਤਾ ਪਹਿਲਾ ਤਾ ਰਾਜਾ ਮੰਨਿ-ਨਆ ਨੀ ਪਰ ਉਸਦੇ ਧਮਕੀ ਭਰੇ ਵਤੀਰੇ ਨੇ ਮੰਨਣ ਲਈ ਮਜਬੂਰ ਕਰ ਦਿੱਤਾ

ਦੂਜੇ ਦਿਨ ਤੜਕੇ ਹੀ ਰਾਣੀ ਨੇ ਰੋਟੀਆ ਬਣਾ ਕੇ ਇਕ ਗੱਠੜੀ ਵਿੱਚ ਬੰਨ ਦਿੱਤੀਆ ਸਾਰੀਆ ਬੇਟੀਆ ਨੂੰ ਉਠਾ ਦਿੱਤਾ ਤੇ ਕਿਹਾ ਅੱਜ ਤੁਹਾਡਾ ਬਾਪੂ ਤਹਾਨੂੰ ਘੁੰਮਾਉਣ ਲੈ ਕੇ ਜਾ ਰਿਹਾ ਇਹ ਸੁਣ ਕੇ ਸੱਤੇ ਦੀਆ ਸੱਤੇ ਝੂੰਮ ਉੱਠੀਆ ਤੇ ਰਾਜੇ ਨਾਲ ਤੁਰ ਪਈਆ ਤੁਰਦੇ ਤੁਰਦੇ ਇਕ ਸੰਘਣਾ ਜੰਗਲ ਆ ਗਿਆ ਧੁੱਪ ਦਾ ਕਹਿਰ ਸੀ ਗਰਮੀ ਦੀ ਰੁੱਤ ਦੇ ਦਿਨ ਸਨ

ਰਾਜੇ ਨੇ ਕਿਹਾ ਤੁਸੀ ਹੁਣ ਪਾਣੀ ਦਾ ਬੰਦੋਬਸਤ ਕਰੋ ਭੁੱਖ ਬਹੁਤ ਲੱਗੀ ਹੁਣ ਰੋਟੀ ਖਾਂ ਲੈਦੇ ਆ

ਇੰਨੇ ਨੂੰ ਇਕ ਦੀ ਨਿਗਾ ਖੂਹ ਤੇ ਪਈ ਭੱਜ ਕੇ ਸਾਰੀਆ ਖੂਹ ਦੁਆਲੇ ਕੱਠੀਆ ਹੋ ਗਈਆ ਰਾਜੇ ਨੇ ਕਿਹਾ ਸਾਰੀਆ ਝੁੱਕ ਕੇ ਚੰਗੀ ਤਰਾ ਦੇਖੋ ਪਾਣੀ ਸਾਫ ਵੀ ਆ ਕੁਝ ਵਿੱਚ ਹੈ ਤਾ ਨੀ ਜਦੋ ਹੀ ਸਾਰੀਆ ਇਹ ਦੇਖਣ ਨੂੰ ਝੁਕ ਗਈਆ ਰਾਜੇ ਨੇ ਧੱਕਾ ਮਾਰ ਸਾਰੀਆ ਬੇਟੀਆ ਖੂਹ ਵਿੱਚ ਸੁੱਟ ਦਿੱਤੀਆ ਆਪ ਕਾਹਲੀ ਕਾਹਲੀ ਵਾਲੇ ਕਦਮਾ ਨਾਲ ਘਰ ਪਹੁੰਚ ਗਿਆ ਆਣ ਕੇ ਰਾਣੀ ਨੂੰ ਸਾਰੀ ਵਿੱਥਿਆ ਦੱਸੀ ਇਹ ਸੁਣ ਰਾਣੀ ਦੀ ਖੁਸ਼ੀ ਦਾ ਕੋਈ ਟਿਕਾਣਾ ਹੀ ਨੀ ਰਿਹਾ ਉੱਧਰ ਦੂਜੇ ਪਾਸੇ ਇਕ ਫਕੀਰ ਜੰਗਲ ਵਿੱਚੋ ਹੋ ਕੇ ਜਾ ਰਿਹਾ ਸੀ ਪਿਆਸ ਲੱਗਣ ਤੇ ਉਹਨੇ ਰੱਸੀ ਨਾਲ ਬੰਨ ਕੇ ਗੜਵੀ ਖੂਹ ਵਿੱਚ ਸੁੱਟੀ ਜਿਸਨੂੰ ਰਾਜੇ ਦੀਆ ਬੇਟੀਆ ਨੇ ਫੜ ਲਿਆ ਫਕੀਰ ਦਾ ਤਰਾਹ ਨਿੱਕਲ ਗਿਆ

ਪੁੱਛਣ ਤੇ ਪਤਾ ਲੱਗਾ ਉਹ ਕੋਈ ਜਿੰਨ ਭੂਤ ਨੀ ਸਗੋ ਰਾਜੇ ਦੀਆ ਬੇਟੀਆ ਹਨ ਫਿਰ ਫਕੀਰ ਨੇ ਇਕ ਇਕ ਕਰਕੇ ਸੱਤ ਦੀਆ ਸੱਤ ਖੂਹ ਵਿੱਚੋ ਬਾਹਰ ਕੱਢੀਆ

ਜਿੰਨਾ ਕੁ ਰਾਹ ਯਾਦ ਸੀ ਉਸ ਉੱਪਰ ਚੱਲ ਪਈਆ ਆਪਣੇ ਘਰ ਨੂੰ ਪਰਤ ਰਹੀਆ ਨੂੰ ਚੰਗਾ ਹਨੇਰਾ ਹੋ ਗਿਆ ਹੱਲੇ ਵੀ ਉਹ ਜੰਗਲ ਵਿੱਚ ਭਟਕ ਰਹੀਆ ਸੀ ਉਹਨਾ ਵਿੱਚੋ ਇਕ ਬੋਲੀ ਅਸੀ ਨੇੜੇ ਤੇੜੇ ਕੋਈ ਘਰ ਦੇਖ ਅੱਜ ਦੀ ਰਾਤ ਕੱਟ ਲੈਦੀਆ ਹਾ ਜੰਗਲ ਵਿੱਚ ਇਸ ਤਰਾ ਭਟਕਣਾ ਠੀਕ ਨਹੀ ਇਕ ਜਾਣੀ ਰੁੱਖ ਤੇ ਚੜ ਗਈ ਦੂਰ ਦੂਰ ਤੱਕ ਦੇਖਣ ਤੇ ਕੁਝ ਨਜ਼ਰ ਨਾ ਆਇਆ ਦੂਜੀ ਬੋਲੀ ਤੂੰ ਉਤਰ ਥੱਲੇ ਮੈ ਦੇਖਦੀ ਤੈਨੂੰ ਅੰਨੀ ਜਹੀ ਨੂੰ ਬੜਾ ਕੁਝ ਨਜ਼ਰ ਆਉਦਾ

ਦੂਜੀ ਰੁੱਖ ਦੇ ਚੜ ਗਈ ਉਸਨੂੰ ਵੀ ਕੁਝ ਨਜ਼ਰ ਨਾ ਆਇਆ ਤੀਜੀ ਬੋਲੀ ਤੂੰ ਵੀ ਅੰਨੀ ਏ ਛੱਡ ਮੈ ਦੇਖਦੀ ਇਸ ਤਰਾ ਛੇ ਜਾਣੀਆ ਨੂੰ ਤਾ ਕੁਝ ਨਜ਼ਰ ਨੀ ਆਇਆ ਸੱਤਵੀ ਦੀ ਨਿਗਾ ਇਕ ਦੂਰ ਬਲਦੀ ਰੌਸ਼ਨੀ ਤੇ ਪਈ ਸਾਰੀਆ ਉਸ ਦਿਸ਼ਾ ਵੱਲ ਨੂੰ ਚੱਲ ਪਈਆ ਨੇੜੇ ਜਾ ਕੇ ਪਤਾ ਲੱਗਾ ਇਕ ਕੁੱਲੀ ਵਿੱਚ ਦੀਵਾ ਜਗ ਰਿਹਾ ਸੀ ਆਵਾਜ਼ ਮਾਰਣ ਤੇ ਇਕ ਬੁੱਢੀ ਔਰਤ ਬਾਹਰ ਆਈ ਰਾਜੇ ਦੀਆ ਬੇਟੀਆ ਨੇ ਸਾਰੀ ਹੱਡ ਬੀਤੀ ਉਸ ਔਰਤ ਨੂੰ ਦੱਸੀ ਉਸਨੇ ਇਹਨਾ ਨੂੰ ਦੇਖ ਕੇ ਘੁੱਟ ਕੇ ਸੀਨੇ ਲਾ ਲਿਆ ਅੰਦਰ ਲੈ ਗਈ ਸਾਰੀਆ ਦੀ ਖੂਬ ਸੇਵਾ ਕੀਤੀ ਰੋਟੀ ਖਵਾਈ ਤੇ ਬੋਲੀ ਮੈ ਤੁਹਾਡੀ ਮਾਸੀ ਹਾ ਤੁਹਾਡੀ ਮਾਂ ਮਰਣ ਤੋ ਬਾਅਦ ਕਦੇ ਅਸੀ ਮੁੜ ਮਿਲੇ ਹੀ ਨਹੀ

ਦੂਜੇ ਦਿਨ ਸਾਰੀਆ ਕੋਈ ਨਾ ਕੋਈ ਕੰਮ ਕਰਣ ਲੱਗੀਆ ਕੋਈ ਉਸਦੇ ਦਾਣੇ ਛੱਟੇ ਕੋਈ ਭਾਂਡੇ ਮਾਜਦੀ ਕੋਈ ਸਾਫ ਸਫਾਈ ਕਰਦੀ ਸਭ ਤੋ ਛੋਟੀ ਨੂੰ ਆਟਾ ਪੀਣ ਦਾ ਕੰਮ ਦੇ ਦਿੱਤਾ ਬੁੱਢੀ ਔਰਤ ਨੇ ਦੱਸਿਆ ਉਹ ਤਹਾਨੂੰ ਨਾਨਕੇ ਵੀ ਘੁੰਮਾ ਕੇ ਲਿਆਵੇਗੀ ਤੁਹਾਡਾ ਮਾਮਾ ਤਹਾਨੂੰ ਬਹੁਤ ਯਾਦ ਕਰਦਾ ਏ

ਇਹ ਸੁਣ ਉਹ ਬਹੁਤ ਖੁਸ਼ ਹੋਈਆ ਦੂਜੇ ਦਿਨ ਇਕ ਨੂੰ ਨਾਲ ਲੈ ਗਈ ਰਾਤ ਦੇ ਹਨੇਰੇ ਵਾਪਸ ਮੁੜੀ ਨਾਲਦੀਆ ਜਦ ਪੁੱਛਿਆ ਮਾਸੀ ਉਹ ਕਿੱਥੇ ਰਹਿ ਗਈ ਉਸਨੇ ਕਿਹਾ ਉਹ ਤਾ ਨਾਨਕੇ ਰਹਿ ਗਈ ਉੱਥੇ ਉਸ ਦਾ ਦਿਲ ਲੱਗ ਗਿਆ ਕੁਝ ਦਿਨ ਤੱਕ ਲੈ ਆਵਾਗੇ

ਇਸ ਤਰਾ ਹੌਲੀ ਹੌਲੀ ਕਰ ਸਾਰੀਆ ਨੂੰ ਲੈ ਕੇ ਨਾਨਕੇ ਛੱਡ ਆਉਦੀ ਇਕ ਜਿਹੜੀ ਸੱਤਵੀ ਸੀ ਉਹ ਸਭ ਤੋ ਛੋਟੀ ਸੀ ਉਸਨੂੰ ਆਟਾ ਪੀਣ ਦਾ ਕੰਮ ਦਿੱਤਾ ਸੀ ਉੱਥੇ ਇਕ ਚੂਹਾ ਰਹਿੰਦਾ ਸਿ ਚੂਹਾ ਰੋਜ ਆਟਾ ਖਾਣ ਆਉਦਾ ਇਹ ਸਦਾ ਝਿੜਕ ਕੇ ਕਹਿੰਦੀ ਵੇ ਚੂਹਿਆ ਮੇਰੀ ਮਾਸੀ ਦਾ ਆਟਾ ਕਿਉ ਖਾ ਰਿਹਾ ਏ? ਚੂਹਾ ਬੋਲਦਾ" ਇਕ ਗੱਲ ਦੱਸਣੀ ਤੇ ਨਹੀ ਦੱਸਣੀ" ਉਹ ਰੋਜ ਚੂਹੇ ਨੂੰ ਭਜਾ ਦਿੰਦੀ ਚੂਹਾ ਬਾਰ ਬਾਰ ਆਉਣ ਲੱਗਾ ਤੇ ਆਟਾ ਖਾਣ ਲੱਗਦਾ ਜਦ ਉਹ ਝਿੜਕਦੀ ਤੇ ਚੂਹਾ ਕਹਿ ਦਿੰਦਾ" ਇਕ ਗੱਲ ਦੱਸਣੀ ਤੇ ਨਹੀ ਦੱਸਣੀ"

ਇਕ ਦਿਨ ਹਾਰ ਕੇ ਉਸਨੇ ਕਹਿ ਹੀ ਦਿੰਦੀ ਤੂੰ ਸਾਰਾ ਆਟਾ ਖਾ ਲੈ ਰੱਬ ਦਾ ਵਾਸਤਾ ਗਲ ਦੱਸ ਕੀ ਆ?

ਚੂਹੇ ਨੇ ਸਾਰਾ ਆਟਾ ਖਾ ਲਿਆ ਫਿਰ ਉਸਨੂੰ ਇਕ ਬੰਦ ਸਰੁੰਗ ਵਿੱਚ ਲੈ ਗਿਆ ਉੱਥੇ ਟੁੱਕੜੇ ਟੁੱਕੜੇ ਕਰ ਕੇ ਉਸਦੀਆ ਭੈਣਾ ਦਾ ਸਰੀਰ ਰੱਖਿਆ ਹੋਇਆ ਸੀ ਉਹ ਬੁੱਢੀ ਔਰਤ ਮਾਸੀ ਬਣੀ ਫਿਰਦੀ ਸੀ ਜੋ ਇਕ ਡੈਣ ਸੀ ਜੋ ਰੋਜ ਇਕ ਇਕ ਕਰਕੇ ਸਭ ਨੂੰ ਖਾ ਰਹੀ ਸੀ

ਇਹ ਦੇਖ ਕੇ ਸੱਤਵੀ ਭੱਜ ਨਿਕਲੀ ਰਾਹ ਚ ਡੈਣ ਨੇ ਵੀ ਇਸਨੂੰ ਦੇਖ ਲਿਆ ਉਹ ਵੀ ਪਿੱਛੇ ਪੈ ਗਈ ਅੱਗੇ ਜਾ ਕੇ ਇਕ ਅੰਬ ਦੇ ਬੂਟੇ ਵਿੱਚ ਪਾੜ ਪਿਆ ਸੀ ਇਹ ਉਸ ਵਿੱਚ ਵੜ ਗਈ ਪਰ ਇਸਦੀ ਉਂਗਲ ਬਾਹਰ ਰਹਿ ਗਈ ਡੈਂਣ ਨੇ ਆਉਦੇ ਸਾਰ ਉਂਗਲ ਮੂੰਹ ਚ ਪਾ ਲਈ ਤੇ ਖਾਂਦੀ ਖਾਂਦੀ ਬੋਲੀ ਨੀ ਚੰਦਰੀਏ ਤੂੰ ਤਾ ਬਾਹਲੀ ਮਿੱਠੀ ਨਿਕਲੀ ਜੇ ਪਤਾ ਹੁੰਦਾ ਤੈਨੂੰ ਸਭ ਤੋ ਪਹਿਲਾ ਖਾਂਦੀ

ਇੰਨੇ ਨੂੰ ਲੱਕੜਹਾਰੇ ਆ ਗਏ ਜਿੰਨਾ ਨੂੰ ਦੇਖ ਕੇ ਡੈਣ ਭੱਜ ਗਈ ਲੱਕੜਹਾਰੇ ਅੰਬ ਨੂੰ ਕੱਟਣ ਆਏ ਸਨ ਉਹਨਾ ਕੁਹਾੜਾ ਮਾਰਿਆ ਅੰਬ ਤੇ ਅੰਦਰੋ ਅਵਾਜ਼ ਆਈ "ਵੇ ਉੱਤੋ ਵੱਢਿਓ ਥੱਲਿਓ ਕੱਢਿਓ ਗੱਬਾ ਵਚਾ ਵਕਾ ਕੇ ਵੱਢਿਓ" ਇਹ ਸੁਣ ਉਹ ਡਰ ਕੇ ਭੱਜ ਗਏ ਨਾਲ ਰਾਜੇ ਨੂੰ ਲੈ ਕੇ ਵਾਪਸ ਆਏ ਰਾਜੇ ਨੇ ਪੁੱਛਿਆ ਤੂੰ ਕੋਣ ਏ ?ਉਹ ਬੋਲੀ ਸਾਨੂੰ ਮਤੇਂਰ ਮਾ ਨੇ ਮਰਵਾ ਦਿੱਤਾ ਸਾਡਾ ਬਾਪੂ ਵੀ ਸਾਡੇ ਵੱਲਦਾ ਨਹੀ ਛੇ ਡੈਂਣ ਦੇ ਮੂੰਹ ਸੱਤਵੀ ਰਾਜੇ ਦੇ ਘਰ "ਵੇ ਉੱਤੋ ਵੱਢਿਓ ਥੱਲਿਓ ਵੱਢਿਓ ਗੱਬਾ ਵਚਾ ਵਚਾ ਕੇ ਕੱਢਿਓ


ਰਾਜੇ ਨੂੰ ਸਾਰੀ ਗੱਲ ਸਮਝ ਆ ਗਈ ਉਸਨੇ ਬੜੇ ਤਰੀਕੇ ਨਾਲ ਅੰਬ ਵੱਢ ਕੇ ਉਸਨੂੰ ਬਾਹਰ ਕੱਢ ਲਿਆ ਤੇ ਡੈਂਣ ਨੂੰ ਫੜਕੇ ਕੈਂਦ ਕਰ ਲਿਆ ਅਤੇ ਰਾਜੇ ਨੇ ਉਸ ਕੁੜੀ ਦਾ ਵਿਆਹ ਆਪਣੇ ਪੁੱਤਰ ਨਾਲ ਕਰ ਦਿੱਤਾ ਇਸ ਤਰਾ ਸੱਤਵੀ ਬੇਟੀ ਮੁੜ ਤੋ ਰਾਣੀ ਬਣ ਕੇ ਮਹਿਲਾ ਵਿੱਚ ਵਸਣ ਲੱਗੀ।

ਲੇਖਕ-- ਮਨਦੀਪ ਖਾਨਪੁਰੀ
ਪਤਾ-- ਖਾਨਪੁਰ ਸਹੋਤਾ
(ਹੁਸ਼ਿਆਰਪੁਰ)
9779179060

# ਲੋਕਾਂ ਦਾ ਬਾਈ: ਜਸਵੰਤ ਸਿੰਘ ਕੰਵਲ



-ਡਾ.ਹਰਪ੍ਰੀਤ ਕੌਰ-



27 ਜੂਨ 1919 ਨੂੰ ਜਨਮਿਆਂ ਜਸਵੰਤ ਸਿੰਘ ਕੰਵਲ ਸਾਹਿਤਕ ਜਗਤ ਵਿਚ ਨਾਵਲਕਾਰ ਵਜੋਂ ਪ੍ਰਵਾਨ ਚੜ੍ਹਿਆ ਪਰ ਪੰਜਾਬ ਦੇ ਲੋਕਾਂ ਨੇ ਉਸ ਨੂੰ ਬਾਈ ਦੇ ਖਿਤਾਬ ਨਾਲ ਨਿਵਾਜਿਆ। ਮਾਲਵੇ ਵਿਚ ਭਾਈ ਨੂੰ ਬਾਈ ਕਿਹਾ ਜਾਂਦਾ ਹੈ। ਅਪਣੱਤ ਤੇ ਸਤਿਕਾਰ ਦੇ ਭਾਵ ਸਾਕਾਰ ਕਰਨ ਵਾਲਾ ਸ਼ਬਦ ਬਾਈ ਲੋਕਾਂ ਦੇ ਮਨਾਂ ਵਿਚ ਕੰਵਲ ਦੀ ਥਾਂ ਦੀ ਦੱਸ ਪਾਉਂਦਾ ਹੈ। ਕਿਸੇ ਲੇਖਕ ਦੀ ਲੋਕ ਮਨਾਂ ਤੱਕ ਇਸ ਪੱਧਰ ਤੱਕ ਰਸਾਈ ਦੀਆਂ ਮਿਸਾਲਾਂ ਜੇ ਦੁਰਲੱਭ ਨਹੀਂ ਤਾਂ ਵਿਰਲੀਆਂ-ਟਾਂਵੀਆਂ ਜ਼ਰੂਰ ਆਖੀਆਂ ਜਾ ਸਕਦੀਆਂ ਹਨ।

ਕੰਵਲ ਦਾ ਆਪਣੇ ਪਾਠਕਾਂ ਨਾਲ ਨੇੜੇ ਦਾ ਨਾਤਾ ਸੀ। ਜਿਸ ਬਾਰੇ ਉਸ ਦਾ ਕਹਿਣਾ ਹੈ ਕਿ ਮੈਂ ਆਪਣੀਆਂ ਸਾਹਿਤਕ ਕਿਰਤਾਂ ਨੂੰ ਲੋਕਾਂ ਵਿਚ ਵੰਗਾਰਿਆ ਹੈ। ਮੇਰੇ ਲਈ ਲੋਕ ਜੱਜ ਹਨ। ਜਿਹਨਾਂ ਲਈ ਉਹ ਲਿਖਦਾ ਸੀ, ਉਹਨਾਂ ਦੀ ਤਸਵੀਰ ਉਸ ਦੇ ਮਨ ਵਿਚ ਸਾਫ ਸੀ। ਉਸ ਨੇ ਮੁਕਤ ਮਨ ਨਾਲ ਲੋਕਾਂ ਨੂੰ ਪੜ੍ਹਨ ਲਈ ਉਤਸ਼ਾਹਿਤ ਕੀਤਾ ਅਤੇ ਲੋਕਾਂ ਨੇ ਉਸ ਨੂੰ ਲੇਖਕ ਵਜੋਂ ਸਰਾਹਿਆ। ਸਾਹਿਤ ਵਿਚ ਕਾਵਿ, ਗਲਪ ਅਤੇ ਵਾਰਤਕ ਕੰਵਲ ਦੀ ਸਿਰਜਣਾ ਦਾ ਖੇਤਰ ਰਹੇ। ਉਸ ਨੇ ਬਾਲਗਾਂ ਦੇ ਨਾਲ ਬਾਲਾਂ ਅਤੇ ਅੱਲੜ੍ਹਾਂ ਦੀਆਂ ਸਾਹਿਤਕ ਰੁਚੀਆਂ ਨੂੰ ਗੌਲਦਿਆਂ, ਉਹਨਾਂ ਲਈ ਸਾਹਿਤਕ ਰਚਨਾ ਕੀਤੀ। ਅੱਜ ਵੀ ਪੰਜਾਬੀ ਵਿਚ ਅੱਲੜ ਉਮਰ ਵਰਗ ਦੇ ਸਾਹਿਤ ਦੀ ਪਰੰਪਰਾ ਵਿਕਸਤ ਨਹੀਂ ਹੋ ਸਕੀ। ਕੰਵਲ ਨੇ ਉਹਨਾਂ ਸਮਿਆਂ ਵਿਚ ਇਸ ਵਰਗ ਲਈ ਸਾਹਿਤਕ ਵੰਨਗੀ ਨੂੰ ਪਛਾਣਿਆਂ ਤੇ ਮਾਨਤਾ ਦਿੱਤੀ। ਇਹ ਉਸ ਦੀ ਇਤਿਹਾਸਕ ਦੇਣ ਵੀ ਹੈ।

ਅੱਜ ਜਸਵੰਤ ਸਿੰਘ ਕੰਵਲ ਦੇ ਹਵਾਲੇ ਨਾਲ ਲੇਖਕ, ਲਿਖਤ ਅਤੇ ਪਾਠਕ ਦੇ ਰਿਸ਼ਤੇ ਨੂੰ ਵਿਚਾਰਨਾ ਜ਼ਰੂਰੀ ਹੈ। ਸਾਹਿਤ ਦਾ ਆਮ ਲੋਕਾਂ ਨਾਲ ਨਾਤਾ ਕੀ ਤੇ ਕਿਹੋ ਜਿਹਾ ਹੋਵੇ? ਇਮਤਿਹਾਨੀ ਅਤੇ ਅਕਾਦਮਿਕ ਲੋੜਾਂ ਦੀ ਪੂਰਤੀ ਲਈ ਸਾਹਿਤ ਨਾਲ ਜੁੜੇ ਪਾਠਕਾਂ ਤੋਂ ਬਿਨ੍ਹਾਂ ਕੋਈ ਬੰਦਾ ਸਾਹਿਤ ਕਿਉਂ ਪੜ੍ਹੇ? ਅੱਜ ਜਦੋਂ ਆਮ ਬੰਦੇ ਦੀ ਸਾਹਿਤ ਤੋਂ ਵਧਦੀ ਦੂਰੀ ਦੀ ਚਰਚਾ ਆਮ ਵੇਖੀ ਤੇ ਸੁਣੀ ਜਾ ਸਕਦੀ ਹੈ ਤਾਂ ਇਹਨਾਂ ਸਵਾਲਾਂ ਦੇ ਜਵਾਬ ਤਲਾਸ਼ਣੇ ਹੋਰ ਵੀ ਜ਼ਰੂਰੀ ਹੋ ਗਏ ਹਨ।

ਪੰਜਾਬ ਦੇ ਜਨ ਸਧਾਰਨ ਦਾ ਇਸ ਨਾਲ ਬਹੁਤਾ ਵਾਸਤਾ ਨਹੀਂ ਕਿ ਕੀ ਲਿਖਿਆ ਜਾ ਰਿਹਾ ਹੈ। ਇਹ ਬੇਗਾਨਗੀ ਸਿਰਫ ਲੋਕਾਂ ਵੱਲੋਂ ਨਹੀਂ। ਦੂਸਰੇ ਪਾਸੇ ਸਾਹਿਤਕਾਰ ਵੀ ਇਸ ਪਾਸੇ ਰੁਚਿਤ ਨਹੀਂ ਕਿ ਸਾਨੂੰ ਕੌਣ ਪੜ੍ਹ ਰਿਹਾ ਹੈ। ਜਾਂ ਇਸ ਨੂੰ ਇਓਂ ਵੀ ਕਿਹਾ ਜਾ ਸਕਦਾ ਹੈ ਕਿ ਅਸੀਂ ਕੀਹਦੇ ਲਈ ਲਿਖ ਰਹੇ ਹਾਂ। ਸਾਹਿਤ ਦਾ ਸੰਸਾਰ , ਇਸ ਨਾਲ ਜੁੜੀਆਂ ਅਕਾਦਮਿਕ ਸਰਗਰਮੀਆਂ ਅਤੇ ਪੰਜਾਬ ਦੇ ਜਨ ਸਮੂਹ ਦਾ ਜਿਉਣ ਦੋ ਵੱਖਰੇ ਧਰਾਤਲਾਂ ਉਤੇ ਵਿਚਰਦੇ ਨਜ਼ਰ ਆਉਂਦੇ ਹਨ। ਇਸ ਦੂਰੀ ਦੇ ਕਾਰਨ ਕੀ ਹੋਣਗੇ? ਸਾਹਿਤ ਆਪਣੇ ਜਨ ਸਮੂਹ ਤੋਂ ਵਿਜੋਗਿਆਂ ਕਿਉਂ ਨਜ਼ਰ ਆਉਂਦਾ ਹੈ ਜਾਂ ਲੋਕਾਂ ਨੂੰ ਇਸ ਦੀ ਲੋੜ ਕਿਉਂ ਨਹੀਂ ਜਾਪਦੀ। ਕੀ ਇਸ ਵਰਤਾਰੇ ਨੂੰ ਮੰਡੀ, ਮੀਡੀਆ ਦਾ ਵਧਦਾ ਅਸਰ ਕਹਿ ਕੇ ਸੁਰਖਰੂ ਹੋਇਆ ਜਾ ਸਕਦਾ ਹੈ? ਜਾਂ ਲੋਕਾਂ ਦੀ ਬੇਲਾਗਤਾ ਨੂੰ ਉਹਨਾਂ ਦੀ ਸੂਝ/ਸਮਝ ਦੀ ਸੀਮਾ ਆਖ ਕੇ ਪੱਲਾ ਝਾੜ ਲਿਆ ਜਾਵੇ? ਪਰ ਇਸ ਗੱਲੋਂ ਮੁਨਕਰ ਕਦੇ ਨਹੀਂ ਹੋਇਆ ਜਾ ਸਕਦਾ ਕਿ ਆਮ ਲੋਕ ਤੇ ਅੱਜ ਦਾ ਪੰਜਾਬੀ ਸਾਹਿਤ ਇਕ ਵਿੱਥ 'ਤੇ ਖੜ੍ਹੇ ਨਜ਼ਰ ਆਉਂਦੇ ਹਨ।

ਉੱਘਾ ਕਵੀ ਨਵਤੇਜ ਭਾਰਤੀ ਆਪਣੀ ਕਿਤਾਬ ਪੁਠ ਸਿਧ ਵਿਚ ਕਵਿਤਾ ਦੇ ਹਵਾਲੇ ਨਾਲ ਇਸ ਵਿੱਥ ਦੇ ਕਾਰਨ ਦਸਦਾ ਹੈ। ਉਹਦੇ ਮੁਤਾਬਕ ਅੱਜ ਦੇ ਕਵੀ ਵਿਚ ਸਰੋਤੇ ਜਾਂ ਪਾਠਕ ਨੂੰ ਕਵਿਤਾ ਵਿਚ ਸ਼ਾਮਲ ਕਰਨ ਦੀ ਪਹਿਲਾਂ ਵਰਗੀ ਸੱਤਿਆ ਨਹੀਂ ਰਹੀ। ਕਿਉਂਕਿ ਉਹਨਾਂ ਨੂੰ ਸ਼ਾਮਲ ਕਰਨਾ ਉਹਨਾਂ ਦੇ ਦੁੱਖ ਸੁੱਖ ਨੂੰ ਸ਼ਾਮਲ ਕਰਨਾ ਹੈ।

ਉਹਨਾਂ ਦੇ ਦੁੱਖ ਸੁੱਖ ਨੂੰ ਉਹਨਾਂ ਦੇ ਮੁਹਾਵਰੇ ਰਾਹੀਂ ਸੰਬੋਧਿਤ ਹੋਣਾ ਹੈ। ਨਵਤੇਜ ਭਾਰਤੀ ਵਾਰਿਸ ਸ਼ਾਹ ਤੇ ਕਵੀਸ਼ਰ ਕਰਨੈਲ ਸਿੰਘ ਪਾਰਸ ਦੇ ਹਵਾਲੇ ਦੇ ਕੇ ਲੇਖਕ, ਲਿਖਤ ਅਤੇ ਪਾਠਕ ਵਿਚਲੀ ਸਾਂਝ ਦੇ ਇਹਨਾਂ ਅਧਾਰਾਂ ਨੂੰ ਸਾਬਿਤ ਕਰਦਾ ਹੈ। ਜਿਸ ਕਰਕੇ ਉਹ ਪਾਠਕਾਂ/ਸਰੋਤਿਆਂ ਦੇ ਮਹਿਬੂਬ ਰਹੇ ਤੇ ਉਹਨਾਂ ਲਈ ਪਾਠਕ ਸੱਜਣ ਪਿਆਰੇ ਰਹੇ।

ਜਿਹਨਾਂ ਦਾ ਹੁਕਮ ਸਿਰ ਮੱਥੇ ਹੁੰਦਾ। ਲੇਖਕ, ਲਿਖਤ ਤੇ ਪਾਠਕ ਦੀ ਨਾਤੇਦਾਰੀ ਦੀ ਇਹ ਰਵਾਇਤ ਨੂੰ ਚੇਤੇ ਕਰਨਾ ਸਮੇਂ ਦੀ ਲੋੜ ਹੈ।

ਜਸਵੰਤ ਸਿੰਘ ਕੰਵਲ ਦੀ ਲੋਕ ਮਨਾਂ ਤੱਕ ਰਸਾਈ ਦਾ ਪੱਖ ਵੀ ਇਹੋ ਹੈ, ਜਿਸ ਨੂੰ ਪੰਜਾਬੀ ਅਕਾਦਮਿਕ ਜਗਤ ਵਿਚ ਗੌਲਿਆ ਨਹੀਂ ਗਿਆ। ਉਸ ਨੂੰ ਲਹਿਰਾਂ ਦਾ ਨਾਵਲਕਾਰ ਕਹਿ ਦੇਣਾ ਜਾਂ ਉਸ ਦੀ ਪ੍ਰਸਿੱਧੀ ਨੂੰ ਕਾਣ ਮੰਨ ਲੈਣਾ ਵੀ ਪਾਠਕਾਂ ਵੱਲ ਪਿੱਠ ਕਰਕੇ ਕੀਤੇ ਅਧਿਐਨ ਦੇ ਸਿੱਟੇ ਆਖੇ ਜਾ ਸਕਦੇ ਹਨ। ਸੋਚਣਾ ਪਵੇਗਾ ਕਿਤੇ ਸਾਡੇ ਸਾਹਿਤ ਦੇ ਨਾਲ ਸਾਡੀ ਪਰਖ ਦੀ ਪਰੰਪਰਾਂ ਵਿਚੋਂ ਵੀ ਆਮ ਬੰਦਾ ਗ਼ੈਰਹਾਜ਼ਰ ਤਾਂ ਨਹੀਂ ਹੋ ਰਿਹਾ? ਜੇ ਸਾਹਿਤਕ ਹਲਕਿਆਂ ਵਿਚ ਆਮ ਬੰਦੇ ਬਾਰੇ ਇਸ ਤਰ੍ਹਾਂ ਦਾ ਤ੍ਰਿਸਕਾਰ ਭਰਿਆ ਰਵੱਈਆ ਹੋਵੇਗਾ ਤਾਂ ਉਸ ਦਾ ਇਹਨਾਂ ਦਾਇਰਿਆਂ ਵਿਚੋਂ ਗ਼ੈਰਹਾਜ਼ਰ ਹੋ ਜਾਣਾ ਅਲੋਕਾਰੀ ਗੱਲ ਨਹੀਂ ਹੈ। ਪਾਠਕਾਂ ਵਿਚ ਪ੍ਰਵਾਨ ਚੜ੍ਹਨ ਨੂੰ ਕਿਸੇ ਲੇਖਕ ਤੇ ਲਿਖਤ ਦੀ ਕਮੀ ਮੰਨ ਲੈਣਾ ਸਹੀ ਰੁਝਾਨ ਨਹੀਂ । ਦੁਨੀਆਂ ਦੇ ਉੱਘੇ ਲੇਖਕ ਬਰਤੋਲਤ ਬਰੈਖ਼ਤ ਨੇ ਪ੍ਰਸਿੱਧੀ ਅਤੇ ਅਸਲਵਾਦ ਨਾਂ ਦੀ ਲਿਖਤ ਵਿਚ ਪ੍ਰਸਿੱਧ ਕਲਾ ਨੂੰ ਜਨ ਸਮੂਹ ਦੀ ਕਲਾ ਕਿਹਾ ਹੈ ਜੋ ਕਲਾ ਮੁੱਠੀ ਭਰ ਤਕੜਿਆਂ ਰਾਹੀਂ ਲਿਤਾੜੇ ਜਾ ਰਹੇ ਬਹੁਤਿਆਂ ਲੋਕਾਂ ਲਈ ਹੁੰਦੀ ਹੈ। ਇਉਂ ਉਹ ਪ੍ਰਸਿੱਧੀ ਦੇ ਸੰਕਲਪ ਨੂੰ ਵੱਖਰੇ ਨਜ਼ਰੀਏ ਤੋਂ ਵੇਖਦਾ ਹੈ। ਉਸ ਲਈ ਪ੍ਰਸਿੱਧ ਦਾ ਮਤਲਬ ਆਮ ਲੋਕਾਂ ਦੇ ਸਮਝ ਆਉਣਯੋਗ ਤੋਂ ਹੈ। ਇਸ ਦੀ ਗ਼ੈਰਹਾਜ਼ਰੀ ਵਿਚ ਲੇਖਕ, ਲਿਖਤ ਤੇ ਪਾਠਕ ਵਿਚ ਵਿੱਥ ਬਣੀ ਰਹੇਗੀ।

ਆਮ ਲੋਕਾਂ ਦੇ ਸਾਹਿਤ ਤੋਂ ਤੋੜ ਵਿਛੋੜੇ ਦੇ ਕੀ ਅਸਰ ਹੋ ਰਹੇ ਹਨ ਤੇ ਕੀ ਹੋਣਗੇ। ਪੰਜਾਬੀ ਹੋਣ ਦੇ ਨਾਤੇ ਸਾਡੀ ਹਸਤੀ ਤੇ ਹੋਣੀ ਨੂੰ ਘੜਨ ਸੰਵਾਰਨ ਵਿਚ ਲੇਖਕ, ਲਿਖਤ ਤੇ ਪਾਠਕ ਦੇ ਰਿਸ਼ਤੇ ਦਾ ਤਾਲਮੇਲ ਕਿਹੋ ਜਿਹਾ ਹੋਵੇ, ਇਸ ਬਾਰੇ ਗ਼ੌਰ ਕਰਨੀ ਜ਼ਰੂਰੀ ਹੈ। ਇਸ ਨੁਕਤੇ ਨੂੰ ਲੋਕਾਂ ਦੇ ਬਾਈ ਕੰਵਲ ਦੇ ਹਵਾਲੇ ਨਾਲ ਗੌਲਿਆ ਜਾ ਸਕਦਾ ਹੈ।

ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ,
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ,ਫਤਹਿਗੜ੍ਹ ਸਾਹਿਬ
hpreett@gmail.com



# ਅਕਾਲ ਤਖ਼ਤ ਸਾਹਿਬ ਵਿਖੇ ਕਾਂਗਰਸੀ ਮੰਤਰੀ ਤੇ ਵਿਧਾਇਕ ਨਹੀਂ ਪੁਜੇ

* 11 ਅਗਸਤ ਨੂੰ ਸਪੱਸ਼ਟੀਕਰਨ ਦੇਣ ਲਈ ਆਖਰੀ ਮੌਕਾ

ਅੰਮ੍ਰਿਤਸਰ, 3 ਅਗਸਤ (ਪੋਸਟ ਬਿਊਰੋ)- ਸਾਲ 2015 ਵਿੱਚ ਹੋਏ ਸਰਬੱਤ ਖ਼ਾਲਸਾ ਵੱਲੋਂ ਥਾਪੇ ਅਕਾਲ ਤਖ਼ਤ ਸਾਹਿਬ ਦੇ ਮੁਤਵਾਜ਼ੀ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ ਨੇ ਬੇਅਦਬੀ ਕੇਸਾਂ ਵਿੱਚ ਇਨਸਾਫ਼ ਲਈ ਬਰਗਾੜੀ ਇਨਸਾਫ਼ ਮੋਰਚੇ ਨੂੰ 2018 ਵਿੱਚ ਖ਼ਤਮ ਕਰਵਾਉਣ ਮੌਕੇ ਬੇਅਦਬੀਆਂ ਦੇ ਦੋਸ਼ੀਆਂ ਨੂੰ ਜਲਦ ਸਜ਼ਾਵਾਂ ਦਿਵਾਉਣ ਦਾ ਵਾਅਦਾ ਪੂਰਾ ਨਾ ਕਰਨ ਲਈ ਪੰਜਾਬ ਦੇ ਦੋ ਕੈਬਨਿਟ ਮੰਤਰੀਆਂ ਤੇ ਤਿੰਨ ਕਾਂਗਰਸੀ ਵਿਧਾਇਕਾਂ ਨੂੰ ਕੱਲ੍ਹ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਨਾ ਹੋਣ ਕਰਕੇ ਆਖਰੀ ਮੌਕਾ ਦੇ ਕੇ 11 ਅਗਸਤ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੁੱਜ ਕੇ ਆਪਣਾ ਸਪੱਸ਼ਟੀਕਰਨ ਦੇਣ ਦਾ ਆਦੇਸ਼ ਜਾਰੀ ਕੀਤਾ ਹੈ। ਇਸ ਸੱਦੇ ਨੇ ਹਲਚਲ ਪੈਦਾ ਕਰ ਦਿੱਤੀ ਹੈ।

ਇੱਥੇ ਅਕਾਲ ਤਖ਼ਤ ਸਾਹਿਬ ਦੇ ਦਰਸ਼ਨ ਕਰਨ ਪਿੱਛੋਂ ਅਕਾਲ ਤਖ਼ਤ ਸਕੱਤਰੇਤ ਦੇ ਬਾਹਰ ਭਾਈ ਧਿਆਨ ਸਿੰਘ ਮੰਡ ਨੇ ਕਿਹਾ ਕਿ ਬੀਤੀ 23 ਜੁਲਾਈ ਨੂੰ ਉਨ੍ਹਾਂ ਨੇ ਸਮੇਤ ਪੰਜ ਸਿੰਘਾਂ ਨੇ ਕਾਂਗਰਸੀ ਮੰਤਰੀਆਂ ਸੁਖਜਿੰਦਰ ਸਿੰਘ ਰੰਧਾਵਾ ਤੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਤਿੰਨ ਕਾਂਗਰਸੀ ਵਿਧਾਇਕਾਂ ਹਰਮਿੰਦਰ ਸਿੰਘ ਗਿੱਲ, ਕੁਲਬੀਰ ਸਿੰਘ ਜ਼ੀਰਾ ਤੇ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਨੂੰ ਬਰਗਾੜੀ ਇਨਸਾਫ਼ ਮੋਰਚੇ ਨੂੰ ਖ਼ਤਮ ਕਰਵਾਉਣ ਵੇਲੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਕੇ ਵਾਅਦੇ ਨਾ ਪੂਰੇ ਕਰਨ ਬਾਰੇ ਨੋਟਿਸ ਦਿੱਤਾ ਸੀ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਤੋਂ ਉਨ੍ਹਾਂ ਸਾਰਿਆਂ ਨੂੰ ਆਖਰੀ ਮੌਕਾ ਦਿੱਤਾ ਜਾਂਦਾ ਹੈ ਕਿ 11 ਅਗਸਤ ਨੂੰ 11 ਵਜੇ ਅਕਾਲ ਤਖ਼ਤ ਸਾਹਿਬ ਉਤੇ ਪੇਸ਼ ਹੋ ਕਿ ਲਿਖਤੀ ਸਪੱਸ਼ਟੀਕਰਨ ਦਿੱਤਾ ਜਾਵੇ। ਇਸ ਮੌਕੇ ਬਾਬਾ ਹਰਬੰਸ ਸਿੰਘ ਜੋਧਪੁਰ, ਬਾਬਾ ਹਿੰਮਤ ਸਿੰਘ, ਬਾਬਾ ਨਛੱਤਰ ਸਿੰਘ ਝੱਬਰ ਭੈਣੀ, ਬਾਬਾ ਗੁਰਸੇਵਕ ਸਿੰਘ ਹਰਿਆਣਾ ਵਾਲੇ ਅਤੇ ਭਾਈ ਜਰਨੈਲ ਸਿੰਘ ਸਖੀਰਾ ਵੀ ਹਾਜ਼ਰ ਸਨ।

# ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਸਿੱਖ ਸੰਗਤ ਵੱਲੋਂ ਤਿੱਖਾ ਵਿਰੋਧ

*ਪ੍ਰਦਰਸ਼ਨਕਾਰੀਆਂ ਵੱਲੋਂ ਗੱਡੀ ਘੇਰ ਕੇ ਨਾਅਰੇਬਾਜ਼ੀ

ਲੁਧਿਆਣਾ, 3 ਅਗਸਤ (ਪੋਸਟ ਬਿਊਰੋ)- ਇਸ ਨਗਰ ਦੇ ਫੋਕਲ ਪੁਆਇੰਟ, ਜਮਾਲਪੁਰ ਕਾਲੋਨੀ, ਅਰਬਨ ਅਸਟੇਟ ਵਿਖੇ ਚੈਰੀਟੇਬਲ ਹਸਪਤਾਲ ਦਾ ਉਦਘਾਟਨ ਕਰਨ ਗਏ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਪਹੁੰਚਣ ਉੱਤੇ ਸਥਿਤੀ ਓਦੋਂ ਤਣਾਅਪੂਰਨ ਹੋ ਗਈ, ਜਦੋਂ ਪੰਥਕ ਅਕਾਲੀ ਲਹਿਰਤੇ ਧਰਮ ਪ੍ਰਚਾਰ ਲਹਿਰ ਜਥੇਬੰਦੀਆਂ ਵੱਲੋਂ ਆਏ ਸਿੱਖ ਨੌਜਵਾਨਾਂ ਅਤੇ ਬੀਬੀਆਂ ਨੇ 'ਬਰਗਾੜੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ' ਅਤੇ 'ਜਥੇਦਾਰ ਬਾਦਲ ਪਰਵਾਰ ਦੇ ਗੁਲਾਮ ਕਦੋਂ ਤਕ ਰਹਿਣਗੇ' ਦੇ ਨਾਅਰੇਲਿਖੇ ਪੋਸਟਰ ਫੜ ਕੇ ਵਿਖਾਵਾ ਸ਼ੁਰੂ ਕਰ ਦਿੱਤਾ। ਇਸ ਮੌਕੇ ਭਾਰੀ ਪੁਲਸ ਫੋਰਸ ਪਹੁੰਚ ਗਈ ਤੇ ਪ੍ਰਦਰਸ਼ਨਕਾਰੀਆਂ ਨੂੰ ਸੜਕ ਉੱਤੇ ਰੋਕ ਲਿਆ।

ਪ੍ਰਦਰਸ਼ਨਕਾਰੀਆਂ ਦੀ ਅਗਵਾਈ ਕਰ ਰਹੇ ਵਿਸਾਖਾ ਸਿੰਘ ਅਤੇ ਬੋਤਾ ਸਿੰਘ ਨੇ ਕਿਹਾ ਕਿ ਬਰਗਾੜੀ ਕਾਂਡ ਦੇ ਦੋਸ਼ੀਆਂ ਨੂੰ ਸ੍ਰੀ ਅਕਾਲ ਤਖ਼ਤ ਉੱਤੇ ਕਦੋਂ ਤਲਬ ਕੀਤਾ ਜਾਵੇਗਾ, ਸਿਰਸੇ ਡੇਰੇ ਵਾਲੇ ਸਾਧ ਨੂੰ ਮੁਆਫ਼ੀ ਕਿਉਂ ਦਿੱਤੀ ਸੀ, ਬਾਦਲਾਂ ਵੱਲੋਂ ਸਿੱਖਾਂ ਉੱਤੇ ਚਲਵਾਈਆਂ ਗੋਲੀਆਂ ਦਾ ਹਿਸਾਬ ਦੇਣ ਲਈ ਉਸ ਸਮੇਂ ਪੰਥਕ ਇਕੱਠ ਕਿਉਂ ਨਹੀਂ ਹੋਇਆ, ਜਥੇਦਾਰ ਇਹ ਦੱਸਣ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪ ਕਿਸ ਨੂੰ ਵੇਚੇ ਗਏ, ਜਥੇਦਾਰ ਸਾਹਿਬ ਨੂੰ 6 ਸਾਲ ਮਗਰੋਂ ਬੇਅਦਬੀ ਦੀ ਯਾਦ ਕਿਵੇਂ ਆ



ਗਈ, ਹੋਰ ਕਈ ਸਵਾਲ ਹਨ, ਜਿਨ੍ਹਾਂ ਦਾ ਜਵਾਬ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਕੌਮ ਦੇ ਹਨ ਜਾਂ ਬਾਦਲਾਂ ਦੇ। ਪ੍ਰਦਰਸ਼ਨਕਾਰੀਆਂ ਵੱਲੋਂ ਬੀਬੀ ਜਗੀਰ ਕੌਰ ਉੱਤੇ ਵੀ ਕਈ ਦੋਸ਼ ਲਾਏ ਗਏ।

ਇਸ ਦੌਰਾਨ ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਪ੍ਰਦਰਸ਼ਨ ਕਰਦੇ ਲੋਕਾਂ ਵਿਚੋਂ ਦੋ ਜਣਿਆਂ ਨੂੰ ਗੱਲਬਾਤ ਲਈ ਕਮਰੇ ਵਿੱਚ ਬੁਲਾਇਆ, ਪਰ ਮੀਡੀਆ ਨੂੰ ਅੰਦਰ ਨਹੀਂ ਜਾਣ ਦਿੱਤਾ ਗਿਆ। ਟਾਸਕ ਫੋਰਸ ਦੇ ਸੇਵਾਦਾਰ ਤੇ ਪੁਲਸ ਵਾਲੇ ਉਨ੍ਹਾਂ ਦੇ ਦੁਆਲੇ ਘੇਰਾ ਬਣਾ ਕੇ ਖੜ੍ਹੇ ਰਹੇ ਤਾਂ ਕਿ ਫੋਟੋ ਨਾ ਖਿੱਚੀ ਜਾ ਸਕੇ। ਗੱਲਬਾਤ ਕਰਬੀ ਅੱਧਾ ਘੰਟਾ ਚੱਲੀ ਅਤੇ ਜਥੇਦਾਰ ਸਾਹਿਬ ਨੇ ਉਨ੍ਹਾਂ ਦੇ ਸਵਾਲ ਸੁਣਨ ਮਗਰੋਂ ਸਮਾਂ ਲੈ ਕੇ ਕਿਹਾ ਕਿ ਜੋ ਕਈ ਵੀ ਗੱਲਬਾਤ ਹੋਵੇਗੀ, ਉਹ ਸ੍ਰੀ ਅਕਾਲ ਤਖ਼ਤ ਵਿਖੇ ਹੋਵੇਗੀ। ਇਹ ਲੋਕ ਜਿਹੜਾ ਢੰਗ ਵਰਤ ਰਹੇ ਹਨ, ਗਲਤ ਹੈ ਜੋ ਕਿ ਸ਼ਰਾਰਤੀ ਲੋਕਾਂ ਵੱਲੋਂ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਿਸਾਖਾ ਸਿੰਘ ਤੇ ਹੋਰਨਾਂ ਨੇ ਕਿਹਾ ਕਿ ਅੱਜ ਅਸੀਂ ਸ਼ਰਾਰਤੀ ਤੱਤ ਹੋ ਗਏ, ਜਦੋਂ ਅਸੀਂ ਗੋਲੀਆਂ ਖਾਧੀਆਂ, ਧਰਨੇ ਲਾਏ, ਉਦੋਂ ਕੀ ਸਾਂ। ਉਹ ਅੰਮ੍ਰਿਤਸਰ ਕਈ ਵਾਰ ਗਏ, ਪਰ ਕੁਝ ਨਹੀਂ ਹੋਇਆ। ਇਸ ਲਈ ਉਹ ਅੱਗੋਂ ਵੀ ਵਿਰੋਧ ਜਾਰੀ ਰੱਖਣਗੇ। ਜਦੋਂ ਪ੍ਰੋਗਰਾਮ ਖ਼ਤਮ ਹੋਣ ਉੱਤੇ ਜਥੇਦਾਰ ਦੀਆਂ ਗੱਡੀਆਂ ਦਾ ਕਾਫ਼ਲਾ ਤੁਰਨ ਲੱਗਾ ਤਾਂ ਪ੍ਰਦਰਸ਼ਨਕਾਰੀਆਂ ਨੇ ਉਨ੍ਹਾਂ ਦੀ ਗੱਡੀ ਅਤੇ ਹੋਰ ਗੱਡੀਆਂ ਨੂੰ ਘੇਰ ਕੇ ਪੋਸਟਰ ਲਹਿਰਾਉਂਦੇ ਹੋਏ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ, ਜਿਸ ਕਾਰਨ ਗੱਡੀਆਂ ਦਾ ਕਾਫ਼ਿਲਾ ਕੁਝ ਸਮੇਂ ਲਈ ਰੁਕ ਗਿਆ, ਪਰ ਪੁਲਸ ਨੇ ਥੋੜ੍ਹੀ ਸਖ਼ਤੀ ਵਰਤਦੇ ਹੋਏ ਪ੍ਰਦਰਸ਼ਨਕਾਰੀਆਂ ਨੂੰ ਖਦੇੜ ਦਿੱਤਾ।

# 2018 ਦੀਆਂ ਏਸ਼ੀਅਨ ਖੇਡਾਂ ਵਿੱਚ ਵੀ ਗੁਰਜੀਤ ਨੇ ਦਿਵਾਇਆ ਚਾਂਦੀ ਦਾ ਤਮਗਾ



ਅਜਨਾਲਾ, 3 ਅਗਸਤ (ਪੋਸਟ ਬਿਊਰੋ)- ਜ਼ਿਲ੍ਹਾ ਅੰਮ੍ਰਿਤਸਰ ਦੇ ਛੋਟੇ ਜਿਹੇ ਸਰਹੱਦੀ ਪਿੰਡ ਮਿਆਦੀਆਂ ਕਲਾਂ ਦੀ ਜੰਮ-ਪਲ ਮਹਿਲਾ ਹਾਕੀ ਟੀਮ ਵਿੱਚ ਪੰਜਾਬ ਦੀ ਖਿਡਾਰਨ ਗੁਰਜੀਤ ਕੌਰ, ਜਿਸ ਦੇ ਗੋਲ ਸਦਕਾ ਟੀਮ ਸੈਮੀਫਾਈਨਲ ਵਿੱਚ ਪਹੁੰਚੀ ਸੀ, ਜਨਮ ਪਿਤਾ ਸਤਨਾਮ ਸਿੰਘ ਅਤੇ ਹਰਜਿੰਦਰ ਕੌਰ ਦੇ ਘਰ 25 ਅਕਤੂਬਰ 1995 ਨੂੰ ਹੋਇਆ।

ਗੁਰਜੀਤ ਨੇ ਮੁੱਢਲੀ ਸਿੱਖਿਆ ਅਜਨਾਲਾ ਦੇ ਨਿੱਜੀ ਸਕੂਲ ਤੋਂ ਲੈਣਪਿੱਛੋਂ ਅਗਲੇਰੀ ਸਿੱਖਿਆ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਕੈਰੋਂ ਦੇ ਸੀਨੀਅਰ ਸੈਕੰਡਰੀ ਸਕੂਲ ਤੋਂ ਹਾਸਲ ਕੀਤੀ ਤੇ ਇਸ ਦੌਰਾਨ ਆਪਣੀ ਇੱਕ ਨਜ਼ਦੀਕੀ ਰਿਸ਼ਤੇਦਾਰ ਦੇ ਕਹਿਣ ਉੱਤੇ ਹਾਕੀ ਖੇਡਣੀ ਸ਼ੁਰੂ ਕੀਤੀ। ਇਸ ਦੌਰਾਨ ਕੋਚ ਰਣਜੀਤ ਸਿੰਘ ਨੇ ਗੁਰਜੀਤ ਕੌਰ ਨੂੰ ਇੱਕ ਸਾਲ ਹਾਕੀ ਦੇ ਗੁਰ ਦੱਸੇ, ਜਿਸ ਤੋਂ ਬਾਅਦ 7ਵੀਂ ਜਮਾਤ ਦੀ ਪੜ੍ਹਾਈ ਕਰਦਿਆਂ ਗੁਰਜੀਤ ਜਲੰਧਰ ਦੀ ਖੇਡ ਅਕੈਡਮੀ ਵਿੱਚ ਆ ਗਈ, ਜਿੱਥੇ ਉਸ ਨੇ ਹਾਕੀ ਕੋਚ ਸ਼ਰਨਜੀਤ ਸਿੰਘ ਕੋਲੋਂ ਹਾਕੀ ਦੀਆਂ ਬਰੀਕੀਆਂ ਸਿੱਖਣੀਆਂ ਸ਼ੁਰੂ ਕਰ ਦਿੱਤੀਆਂ। ਇਸ ਪਿੱਛੋਂ ਗੁਰਜੀਤ ਕੌਰ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਸਾਲ 2012 ਵਿੱਚ ਭਾਰਤੀ ਮਹਿਲਾ ਜੂਨੀਅਰ ਹਾਕੀ ਟੀਮ ਵਿੱਚ ਉਸ ਦੀ ਚੋਣ ਹੋ ਗਈ ਅਤੇ 2014 ਵਿੱਚ ਉਹ ਸੀਨੀਅਰ ਟੀਮ ਲਈ ਚੁਣੀ ਗਈ। ਗੁਰਜੀਤ ਕੌਰ ਅੱਜ ਤਕ ਏਸ਼ੀਅਨ ਖੇਡਾਂ, ਕਾਮਨਵੈਲਥ ਖੇਡਾਂ ਅਤੇ ਲੰਡਨ ਵਿੱਚ ਹੋਏ ਵਿਸ਼ਵ ਕੱਪ ਤੋਂ ਇਲਾਵਾ ਕਈ ਸੀਰੀਜ਼ ਵਿੱਚਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰ ਚੁੱਕੀ ਹੈ। ਦੇਸ਼ ਲਈ ਖੇਡਣ ਦਾ ਮੌਕਾ ਗੁਰਜੀਤ ਕੌਰ ਨੂੰ 2017 ਵਿਚ ਮਿਲਿਆ ਅਤੇ ਇਸ ਤੋਂ ਬਾਅਦ ਸਾਲ 2018 ਵਿੱਚ ਇੰਡੋਨੇਸ਼ੀਆ ਦੇ ਜਕਾਰਤਾ ਵਿਖੇ ਏਸ਼ੀਅਨ ਖੇਡਾਂ ਵਿੱਚ ਉਸ ਨੇ ਇੱਕ ਸ਼ਾਨਦਾਰ ਗੋਲ ਕਰ ਕੇ ਜਿੱਥੇ ਭਾਰਤੀ ਮਹਿਲਾ ਹਾਕੀ ਟੀਮ ਨੂੰ ਜਿੱਤ ਦਿਵਾਈ, ਉਥੇ 20 ਸਾਲਾਂ ਬਾਅਦ ਭਾਰਤੀ ਮਹਿਲਾ ਹਾਕੀ ਟੀਮ ਨੂੰ ਫਾਈਨਲ ਵਿੱਚ ਪੁਚਾ ਕੇ ਚਾਂਦੀ ਦਾ ਤਮਗਾ ਦਿਵਾਉਣ ਵਿੱਚ ਵੀ ਉਸਦੀ ਅਹਿਮ ਭੂਮਿਕਾ ਰਹੀ। ਇਸ ਤੋਂ ਬਾਅਦ ਵੀ ਬਹੁਤ ਸਾਰੇ ਮੈਚਾਂ ਵਿੱਚ ਗੁਰਜੀਤ ਕੌਰ ਨੇ ਆਪਣੀ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ ਅੱਜਕੱਲ੍ਹ ਟੋਕੀਓ ਵਿੱਚ ਹੋ ਰਹੀਆਂ ਉਲੰਪਿਕ ਖੇਡਾਂ ਲਈ ਭਾਰਤੀ ਮਹਿਲਾ ਟੀਮ ਵਿੱਚ ਗੁਰਜੀਤ ਕੌਰ ਖੇਡ ਰਹੀ ਹੈ।

# ਕੈਰੋਂ ਪਰਵਾਰ ਦੇ ਅਕਾਲੀ ਦਲ ਛੱਡਣ ਬਾਰੇ ਸੋਸ਼ਲ ਮੀਡੀਆ ਉੱਤੇ ਹਰ ਪਾਸੇ ਚਰਚੇ

ਪੱਟੀ, 3 ਅਗਸਤ (ਪੋਸਟ ਬਿਊਰੋ)- ਹਲਕਾ ਪੱਟੀ ਦੇ ਕੁਝ ਕਾਂਗਰਸੀਆਂ ਨੇ ਕੱਲ੍ਹ ਸੋਸ਼ਲ ਮੀਡੀਆ ਉੱਤੇ ਕੈਰੋਂ ਪਰਵਾਰ ਵੱਲੋਂ ਅਕਾਲੀ ਦਲ ਨੂੰ ਅਲਵਿਦਾ ਕਹਿਣ ਦੀਆਂ ਪੋਸਟਾਂ ਪਾਈਆਂ ਹਨ। ਇਸ ਬਾਰੇ ਅਕਾਲੀ ਦਲ ਜਾਂ ਕੈਰੋਂ ਪਰਵਾਰ ਵੱਲੋਂ ਹਾਲੇ ਕੋਈ ਟਿੱਪਣੀ ਨਹੀਂ ਕੀਤੀ ਗਈ। ਕੁਝ ਦਿਨ ਪਹਿਲਾਂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਆਮ ਆਦਮੀ ਪਾਰਟੀ ਵੱਲੋਂ ਮੁੱਖ ਮੰਤਰੀ ਦਾ ਚਿਹਰਾ ਬਣਾਉਣ ਦੀਆਂ ਪੋਸਟਾਂ ਵੀ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈਆਂ ਸਨ।

ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਅਗਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਹਲਕਾ ਖੇਮਕਰਨ ਤੋਂ ਕੈਰੋਂ ਪਰਵਾਰ ਦੇ ਕਿਸੇ ਮੈਂਬਰ ਵੱਲੋਂ ਚੋਣ ਲੜਨ ਦੇ ਸੰਕੇਤ ਦਿੱਤੇ ਸਨ ਤਾਂ ਇਸ ਦੇ ਉਲਟ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵਿਰਸਾ ਸਿੰਘ ਵਲਟੋਹਾ ਨੂੰ ਪਾਰਟੀ ਦਾ ਉਮੀਦਵਾਰ ਬਣਾਉਣ ਦਾ ਐਲਾਨ ਕਰ ਦਿੱਤਾ ਸੀ। ਇਸ ਪਿੱਛੋਂਆਦੇਸ਼ ਪ੍ਰਤਾਪ ਸਿਮਘ ਕੈਰੋਂ ਨੇ ਸਿਆਸੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਸਨ। ਉਨ੍ਹਾਂ ਨੇ ਪਿੰਡ ਕੈਰੋਂ ਵਿੱਚ ਮਾਝੇ ਨਾਲ ਸਬੰਧਤ ਵਰਕਰਾਂ ਨਾਲ ਮੀਟਿੰਗਾਂ ਕੀਤੀਆਂ ਹਨ। ਅਕਾਲੀ ਦਲ ਨੂੰ ਛੱਡਣ ਬਾਰੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨਾਲ ਰਾਬਤਾ ਕੀਤਾ ਗਿਆ ਤਾਂ ਉਨ੍ਹਾਂ ਰੁਝੇਵਾਂ ਹੋਣ ਕਰ ਕੇ ਬਾਅਦ ਵਿੱਚ ਗੱਲ ਕਰਨ ਲਈ ਕਿਹਾ।

# ਹੇਠਲੀਆਂ ਅਦਾਲਤਾਂ ਵਿੱਚ ਜ਼ਮਾਨਤ ਅਰਜ਼ੀਆਂ ਦੇਣ ਬਾਰੇ ਹਾਈਕੋਰਟ ਦੇ ਅਹਿਮ ਆਦੇਸ਼

ਚੰਡੀਗੜ੍ਹ, 3 ਅਗਸਤ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੀਆਂ ਹੇਠਲੀਆਂ ਅਦਾਲਤਾਂ ਵਿੱਚ ਜ਼ਮਾਨਤ ਅਰਜ਼ੀਆਂ ਦਾਇਰ ਕਰਨ ਦੇ ਤਰੀਕੇ ਦਾ ਬਦਲਾਓਲਿਆਉਣ ਵਾਲਾ ਅਹਿਮ ਆਦੇਸ਼ ਜਾਰੀ ਕੀਤਾ ਹੈ। ਕੋਰਟ ਨੇ ਸਾਫ਼ ਕੀਤਾ ਕਿ ਹੇਠਲੀਆਂ ਅਦਾਲਤਾਂ ਵਿੱਚ ਜ਼ਮਾਨਤ ਅਰਜ਼ੀਆਂ ਵਿੱਚ ਇਹ ਦੱਸਣਾ ਜ਼ਰੂਰੀ ਹੋਵੇਗਾ ਕਿ ਜੇ ਉਪਰਲੀ ਅਦਾਲਤ ਵਿੱਚ ਇਸੇ ਤਰ੍ਹਾਂ ਦੀ ਰਾਹਤ ਮੰਗੀ ਗਈ ਹੈ ਤਾਂ ਉਸ ਦਾ ਕੀ ਸਟੇਟਸ ਹੈ। ਜੇਕਰ ਇਹ ਜਾਣਕਾਰੀ ਅਰਜ਼ੀ ਨਾਲ ਨਾ ਦਿੱਤੀ ਜਾਵੇ ਤਾਂ ਉਸ ਅਰਜ਼ੀ ਨੂੰ ਸਵੀਕਾਰ ਨਾ ਕੀਤਾ ਜਾਵੇ।

ਜਸਟਿਸ ਮੰਜਰੀ ਨਹਿਰੂ ਕੌਲ ਦੀ ਬੈਂਚ ਨੇ ਸਾਫ਼ ਕੀਤਾ ਹੈ ਕਿ ਸਰਕਾਰੀ ਵਕੀਲ ਜਾਂ ਸਰਕਾਰੀ ਏਜੰਸੀ ਨੂੰ ਜਾਂਚ ਅਫ਼ਸਰਾਂ ਤੋਂ ਲੋੜਵੰਦ ਤੋਂ ਜਾਣਕਾਰੀ ਲੈ ਕੇ ਇਸ ਬਾਰੇ ਸਬੰਧਤ ਕੋਰਟ ਨੂੰ ਦੱਸਣਾ



ਹੋਵੇਗਾ। ਜਾਂਚ ਏਜੰਸੀ ਜਾਂ ਸਰਕਾਰੀ ਪੱਖ ਵੱਲੋਂ ਇਸ ਬਾਰੇ ਲਾਪ੍ਰਵਾਹੀ ਸਾਹਮਣੇ ਆਉਣ ਦੀ ਸੂਰਤ ਵਿੱਚ ਇਸ ਨੂੰ ਅਦਾਲਤ ਨਾਲ ਧੋਖਾਧੜੀ ਮੰਨਿਆ ਜਾਵੇਗਾ। ਇਸ ਬਾਰੇ ਗਲਤੀ ਕਰਨ ਵਾਲੀਆਂਧਿਰਾਂ ਜਾਂ ਮੁਲਾਜ਼ਮਾਂ ਖ਼ਿਲਾਫ਼ ਵਿਭਾਗੀ ਕਾਰਵਾਈ ਦੇ ਨਾਲ ਅਪਰਾਧਿਕ ਕਾਰਵਾਈ ਵੀ ਕੀਤੀ ਜਾ ਸਕਦੀ ਹੈ। ਹਾਈ ਕੋਰਟ ਦੇ ਰਜਿਸਟਰਾਰ ਜਨਰਲ ਨੂੰ ਇਹ ਆਦੇਸ਼ ਸਾਰੇ ਸਬੰਧਤ ਪੱਖਾਂ ਨੂੰ ਭੇਜਣ ਦੇ ਆਦੇਸ਼ ਦਿੱਤੇ ਗਏ ਹਨ ਤਾਂ ਜੋ ਇਨ੍ਹਾਂ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾ ਸਕੇ।

ਇਹ ਆਦੇਸ਼ਹਾਈ ਕੋਰਟ ਨੇ ਹੁਸ਼ਿਆਰਪੁਰ ਵਿੱਚ ਪਿਛਲੇ ਸਾਲ ਅਗਸਤ ਵਿੱਚ ਘਰ ਵਿੱਚ ਜਬਰਨ ਦਾਖ਼ਲ ਹੋਣ ਅਤੇ ਚੋਰੀ ਦੀ ਧਾਰਾ ਹੇਠ ਦਰਜ ਕੇਸ ਵਿੱਚ ਦੋਸ਼ੀ ਵੱਲੋਂ ਦੂਜੀ ਵਾਰ ਦਾਇਰ ਨਿਯਮਤ ਜ਼ਮਾਨਤ ਪਟੀਸ਼ਨ ਦੀ ਸੁਣਵਾਈ ਦੌਰਾਨ ਦਿੱਤੇ ਹਨ। ਪਟੀਸ਼ਨਰ ਦੇ ਵਕੀਲ ਵੱਲੋਂ ਪਿਛਲੀ ਸੁਣਵਾਈ ਦੌਰਾਨ ਦਿੱਤੀ ਜਾਣਕਾਰੀ ਬਾਰੇ ਹਾਈ ਕੋਰਟ ਨੇ ਇਸ ਕੇਸ ਵਿੱਚ ਹੇਠਲੀ ਅਦਾਲਤ ਤੋਂ ਰਿਪੋਰਟ ਮੰਗੀ ਸੀ। ਵਕੀਲ ਨੇ ਪਟੀਸ਼ਨ ਨੂੰ ਵਾਪਸ ਲੈਣ ਦੀ ਮੰਗ ਕਰਦਿਆਂ ਦੱਸਿਆ ਕਿ ਮੁਕੇਰੀਆਂ ਦੇ ਜੁਡੀਸ਼ਲ ਮੈਜਿਸਟਰੇਟ ਨੇ ਦੋਸ਼ੀ ਨੂੰ ਜ਼ਮਾਨਤ ਦੇ ਦਿੱਤੀ। ਹਾਈ ਕੋਰਟ ਨੂੰ ਪਤਾ ਲੱਗਾ ਕਿ ਹੇਠਲੀ ਅਦਾਲਤ ਵਿੱਚ ਚਲਾਕੀ ਨਾਲ ਹਾਈ ਕੋਰਟ ਵਿੱਚ ਪੈਂਡਿੰਗ ਕੇਸ ਨੂੰ ਲੁਕੋ ਲਿਆ ਗਿਆ ਸੀ। ਇਸ ਲਈ ਹਾਈ ਕੋਰਟ ਨੇ ਪਟੀਸ਼ਨ ਨੂੰ ਵਾਪਸ ਲੈਣ ਦੀ ਮੰਗ ਰੱਦ ਕਰ ਕੇ ਕਿਹਾ ਕਿ ਪਟੀਸ਼ਨਰ ਪੱਖ ਵੱਲੋਂ ਹਾਈ ਕੋਰਟ ਅਤੇ ਹੇਠਲੀ ਅਦਾਲਤ ਨਾਲ ਕੀਤੀ ਧੋਖਾਧੜੀ ਨੂੰ ਲੈ ਕੇ ਸੁਓ-ਮੋਟੋ ਐਕਸ਼ਨ ਲੈਣਾ ਉਚਿਤ ਹੋਵੇਗਾ। ਹਾਈ ਕੋਰਟ ਨੇ ਪਟੀਸ਼ਨਰ ਨੂੰ ਨੋਟਿਸ ਜਾਰੀ ਕਰ ਕੇ ਪੁੱਛਿਆ ਹੈ ਕਿ ਉਸ ਨੂੰ ਮਿਲੀ ਜ਼ਮਾਨਤ ਰੱਦ ਕਿਉਂ ਨਾ ਕੀਤੀ ਜਾਵੇ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ



BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜ਼ਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਲੇਡੀ ਵਰਕਰ ਦੀ ਲੋੜ
Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।
ਹੈਂਡੀਮੈਨ ਦੀ ਲੋੜ
ਪਲੰਬਿੰਗ, ਇਲੈਕਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।
ਸੰਪਰਕ: 416-816-1695
ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

ਨੈਨੀ ਦੀ ਲੋੜ
ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।
ਸੰਪਰਕ ਕਰੋ:
416556 6884

ਵਰਕਰਾਂ ਦੀ ਲੋੜ
ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਸੰਪਰਕ: 647-205-5909, 416-618-3358

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ
647-998-7500
ਬਲਵਿੰਦਰ

## ਮੁੰਬਈ ਵਿੱਚ 'ਅਡਾਨੀ ਏਅਰਪੋਰਟ'ਬਣਨ ਤੋਂ ਭੜਕੀ ਸ਼ਿਵ ਸੈਨਾ ਦੇ ਵਰਕਰਾਂ ਵੱਲੋਂ ਤੋੜ-ਭੰਨ



ਮੁੰਬਈ, 3 ਅਗਸਤ (ਪੋਸਟ ਬਿਊਰੋ)- ਮੁੰਬਈ ਦੇ ਇੰਟਰਨੈਸ਼ਨਲ ਏਅਰਪੋਰਟ ਉੱਤੇ ਕੱਲ੍ਹ ਸ਼ਿਵਸੈਨਾ ਵਰਕਰਾਂ ਨੇ ਤੋੜਭੰਨ ਕੀਤੀ ਹੈ। ਇਸ ਏਅਰਪੋਰਟ ਦਾ ਪ੍ਰਬੰਧ ਅੱਜਕੱਲ੍ਹ ਅਡਾਨੀ ਗਰੁੱਪ ਦੇ ਹੱਥਾਂ ਵਿੱਚ ਹੈ। ਸ਼ਿਵਸੈਨਾ ਵਰਕਰਾਂ ਨੇ ਇਸ ਮੌਕੇ ਏਅਰਪੋਰਟ ਉੱਤੇ ਲੱਗੇ 'ਅਡਾਨੀ ਏਅਰਪੋਰਟ' ਦੇ ਬੋਰਡ ਨੂੰ ਵੀ ਨੁਕਸਾਨ ਪਹੁੰਚਾਇਆ ਹੈ।

ਅਸਲ ਵਿੱਚ ਸ਼ਿਵਸੈਨਾ ਦਾ ਦੋਸ਼ ਹੈ ਕਿ ਪਹਿਲਾਂ ਇਹ ਏਅਰਪੋਰਟ ਛਤਰਪਤੀ ਸ਼ਿਵਾਜੀ ਮਹਾਰਾਜ ਏਅਰਪੋਰਟ ਵਜੋਂ ਜਾਣਿਆ ਜਾਂਦਾ ਸੀ, ਪਰ ਅੱਜਕੱਲ੍ਹਇੱਥੇ ਅਡਾਨੀ ਏਅਰਪੋਰਟ ਦਾ ਬੋਰਡ ਲਾ ਦਿੱਤਾ ਗਿਆ ਹੈ, ਜਿਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ। ਵਰਨਣ ਯੋਗ ਹੈ ਕਿ ਅਡਾਨੀ ਗਰੁੱਪਨੇ ਬੀਤੇ ਕੁਝ ਸਾਲਾਂ ਵਿੱਚ ਏਵੀਏਸ਼ਨ ਸੈਕਟਰ ਵਿੱਚ ਵੱਡਾ ਨਿਵੇਸ਼ ਕੀਤਾ ਅਤੇ ਦੇਸ਼ ਦੇ ਕਈ ਵੱਡੇ ਏਅਰਪੋਰਟਾਂ ਦਾ ਪ੍ਰਬੰਧ ਇਸਗਰੁੱਪ ਕੋਲ ਚਲਾ ਗਿਆ ਹੈ।ਜੁਲਾਈ ਵਿੱਚ ਮੁੰਬਈ ਦੇ ਇੰਟਰਨੈਸ਼ਨਲ ਏਅਰਪੋਰਟ ਦਾ ਪ੍ਰਬੰਧ ਪੂਰੀ ਤਰ੍ਹਾਂ ਅਡਾਨੀ ਗਰੁੱਪ ਕੋਲ ਆਇਆ ਤਾਂ ਖ਼ੁਦ ਗੌਤਮ ਅਡਾਨੀ ਨੇ ਟਵੀਟ ਕਰਕੇ ਇਸ ਦੀ ਜਾਣਕਾਰੀ ਦਿੱਤੀ ਸੀ।ਅਡਾਨੀ ਏਅਰਪੋਰਟ ਦੇ ਬੁਲਾਰੇ ਨੇ ਕਿਹਾ ਕਿ ਛਤਰਪਤੀ ਸ਼ਿਵਾਜੀ ਮਹਾਰਾਜ ਇੰਟਰਨੈਸ਼ਨਲ ਏਅਰਪੋਰਟ ਦੀ ਬ੍ਰਾਂਡਿੰਗ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ ਅਤੇ ਟਰਮੀਨਲ ਦੀ ਸਥਿਤੀ ਵਿੱਚ ਵੀ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ।

## ਨਿਤੀਸ਼ ਕੁਮਾਰ ਨੇ ਵੀ ਪੈਗਾਸਸ ਕੇਸ ਦੀ ਜਾਂਚ ਦਾ ਪੱਖ ਪੂਰਿਆ

* ਬਿਹਾਰ ਦੇ ਮੁੱਖ ਮੰਤਰੀ ਮੁਤਾਬਕ ਜਾਸੂਸੀ ਦੀ ਜਾਂਚ ਹੋਣੀ ਚਾਹੀਦੀ ਹੈ



ਪਟਨਾ, 3 ਅਗਸਤ (ਪੋਸਟ ਬਿਊਰੋ)- ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਪੈਗਾਸਸ ਸਾਫਟਵੇਅਰ ਜਾਸੂਸੀ ਕੇਸ ਦੀ ਪੂਰੀ ਤਰ੍ਹਾਂ ਜਾਂਚ ਕਰਵਾਏ ਜਾਣ ਦੀ ਵਿਰੋਧੀ ਧਿਰ ਦੀ ਮੰਗ ਦਾ ਪੱਖ ਪੂਰਿਆ ਹੈ।

ਵਰਨਣ ਯੋਗ ਹੈ ਕਿ ਇਸਰਾਈਲੀ ਕੰਪਨੀ ਐੱਨ ਐੱਸ ਓ ਗਰੁੱਪ ਦੇ ਸਾਫਟਵੇਅਰ ਦੇ ਨਾਲ ਭਾਰਤ ਵਿੱਚ ਕਈ ਵੱਡੀਆਂ ਹਸਤੀਆਂ ਦੇ ਫੋਨ ਟੈਪ ਕਰਨ ਦੇ ਦੋਸ਼ ਸਰਕਾਰ ਉਤੇ ਲੱਗੇ ਹਨ। ਇਸ ਕੇਸ ਵਿੱਚ ਪਾਰਲੀਮੈਂਟ ਵਿੱਚ ਵੀ ਹੰਗਾਮਾ ਹੋ ਰਿਹਾ ਹੈ। ਨਿਤੀਸ਼ ਕੁਮਾਰ ਦੀ ਪਾਰਟੀ ਜਨਤਾ ਦਲ (ਯੂ) ਭਾਜਪਾ ਨਾਲ ਗੱਠਜੋੜ ਕਰ ਕੇ ਬਿਹਾਰ ਵਿਚ ਸਰਕਾਰ ਚਲਾ ਰਹੀ ਹੈ। ਨਿਤੀਸ਼ ਕੁਮਾਰ ਨੇ ਨਾਲ ਹੀ ਕਿਹਾ ਕਿ ਇਸ ਵਿਵਾਦ ਬਾਰੇ ਉਨ੍ਹਾਂ ਨੂੰ ਜਿੰਨੀ ਜਾਣਕਾਰੀ ਹੈ, ਉਹ ਅਖਬਾਰਾਂ ਰਾਹੀਂ ਹੀ ਮਿਲੀ ਹੈ। ਮੀਡੀਆ ਨਾਲ ਗੱਲ ਕਰਦਿਆਂ ਨਿਤੀਸ਼ ਨੇ ਕਿਹਾ ਕਿ ਸਾਰੇ ਜਾਣਦੇ ਹਨ ਕਿ ਆਧੁਨਿਕ ਤਕਨੀਕ ਨੂੰ ਕਿਵੇਂ ਗਲਤ ਢੰਗ ਨਾਲ ਵਰਤਿਆ ਜਾ ਸਕਦਾ ਹੈ। ਜੇ ਲੋਕਾਂ ਦੀ ਫੋਨਾਂ ਉਤੇ ਹੁੰਦੀ ਗੱਲਬਾਤ ਸੁਣਨ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਇਹ ਚੰਗਾ ਹੋਵੇਗਾ ਕਿ ਇਸ ਦੀ ਢੁਕਵੀਂ ਜਾਂਚ ਹੋਵੇ। ਜਦੋਂ ਨਿਤੀਸ਼ ਕੁਮਾਰ ਨੂੰ ਵਿਰੋਧੀ ਧਿਰ ਵੱਲੋਂ ਕੀਤੀ ਗਈ ਸਾਂਝੀ ਪਾਰਲੀਮੈਂਟਰੀ ਜਾਂਚ ਕਮੇਟੀ ਦੀ ਮੰਗ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਸਦਨ ਦੀ ਕਾਰਵਾਈ ਬਾਰੇ ਉਹ ਟਿੱਪਣੀ ਨਹੀਂ ਕਰ ਸਕਦੇ, ਪਰ ਜੋ ਵੀ ਇਸ ਕੇਸ ਵਿੱਚ ਠੋਸ ਸਬੂਤ ਹੋਣ ਦੀ ਗੱਲ ਕਰਦਾ ਹੈ, ਉਸ ਨੂੰ ਉਹ ਸਰਕਾਰ ਨਾਲ ਸਾਂਝਾ ਕਰਨਾ ਚਾਹੀਦਾ ਹੈ। ਯਕੀਨ ਹੈ ਕਿ ਕੇਸ ਦੀ ਹਰ ਪੱਖ ਤੋਂ ਜਾਂਚ ਹੋਵੇਗੀ।

ਜਨਤਾ ਦਲ (ਯੂ) ਆਗੂ ਉਪੇਂਦਰ ਕੁਸ਼ਵਾਹਾ ਵੱਲੋਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਪ੍ਰਧਾਨ ਮੰਤਰੀ ਅਹੁਦੇ ਦਾ ਦਾਅਵੇਦਾਰ ਦੱਸਣ ਬਾਰੇ ਪੁੱਛੇ ਜਾਣ ਉਤੇ ਨਿਤੀਸ਼ ਕੁਮਾਰ ਨੇ ਕਿਹਾ ਕਿ ਉਨ੍ਹਾਂ ਦੀ ਅਜਿਹੀ ਕੋਈ ਇੱਛਾ ਨਹੀਂ ਹੈ, ਜਿੰਨਾ ਹੋ ਸਕੇਗਾ ਉਹ ਬਿਹਾਰ ਦੀ ਸੇਵਾ ਕਰਨਗੇ। ਉਨ੍ਹਾ ਕਿਹਾ ਕਿ ਦਿੱਲੀ ਵਿੱਚ ਉਨ੍ਹਾਂ ਦੀ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨਾਲ ਹੋਈ ਮੁਲਾਕਾਤ ਦਾ ਕੋਈ ਸਿਆਸੀ ਮਤਲਬ ਨਹੀਂ। ਉਨ੍ਹਾਂ ਦਾ ਰਿਸ਼ਤਾ ਕਾਫੀ ਪੁਰਾਣਾ ਹੈ, ਦੋਵੇਂ ਕਿਸੇ ਵੇਲੇ ਜਨਤਾ ਦਲ ਦਾ ਹਿੱਸਾ ਰਹੇ ਹਨ।

## ਸੁਪਰੀਮ ਕੋਰਟ ਨੇ ਕ੍ਰਿਸ਼ਨਾ ਜਲ ਵੰਡ ਵਾਲਾ ਵਿਵਾਦ ਵਿਚੋਲਗੀ ਨਾਲ ਮੁਕਾਉਣ ਨੂੰ ਕਿਹਾ



ਨਵੀਂ ਦਿੱਲੀ, 3 ਅਗਸਤ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਨੂੰ ਸੁਝਾਅ ਦਿੱਤਾ ਹੈ ਕਿ ਉਹ ਵਿਚੋਲਗੀ ਰਾਹੀਂ ਕ੍ਰਿਸ਼ਨਾ ਦਰਿਆ ਜਲ ਵੰਡ ਦਾ ਵਿਵਾਦ ਮੁਕਾਉਣ ਦੀ ਕੋਸ਼ਿਸ਼ ਕਰਨ। ਉਨ੍ਹਾਂ ਕਿਹਾ ਕਿ ਉਹ ਬਿਨਾਂ ਗੱਲ ਤੋਂ ਇਸ ਵਿਵਾਦ ਵਿੱਚ ਦਾਖਲ ਨਹੀਂ ਦੇਣਾ ਚਾਹੁੰਦੇ।

ਚੀਫ ਜਸਟਿਸ ਐਨ ਵੀ ਰਾਮੰਨਾ ਦੀ ਅਗਵਾਈ ਹੇਠਲੇ ਬੈਂਚ ਵੱਲੋਂ ਆਂਧਰਾ ਪ੍ਰਦੇਸ਼ ਦੀ ਅਰਜ਼ੀ ਉੱਤੇ ਸੁਣਵਾਈ ਕੀਤੀ ਜਾ ਰਹੀ ਹੈ, ਜਿਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਤੇਲੰਗਾਨਾ ਪੀਣ ਅਤੇ ਸਿੰਜਾਈ ਦੇ ਪਾਣੀਆਂ ਉੱਤੇ ਉਨ੍ਹਾਂ ਦੇ ਕਾਨੂੰਨੀ ਹੱਕ ਤੋਂ ਵਾਂਝਾ ਕਰ ਰਿਹਾ ਹੈ। ਆਂਧਰਾ ਪ੍ਰਦੇਸ਼ ਵਾਸੀ ਚੀਫ ਜਸਟਿਸ ਨੇ ਕੇਸ ਦੀ ਸੁਣਵਾਈ ਦੌਰਾਨ ਕਿਹਾ, 'ਮੈਂ ਇਸ ਕੇਸ ਉੱਤੇ ਕਾਨੂੰਨੀ ਤੌਰ ਉੱਤੇ ਸੁਣਵਾਈ ਨਹੀਂ ਕਰਨਾ ਚਾਹੁੰਦਾ। ਮੈਂ ਦੋਵਾਂਰਾਜਾਂ ਨਾਲ ਸਬੰਧਤ ਹਾਂ। ਜੇ ਇਹ ਕੇਸ ਵਿਚੋਲਗੀ ਨਾਲ ਸੁਲਝ ਸਕਦਾ ਹੈ ਤਾਂ ਕ੍ਰਿਪਾ ਕਰ ਕੇ ਸੁਲਝਾ ਲਵੋ। ਅਸੀਂ ਇਸ ਵਿੱਚਮਦਦ ਕਰ ਸਕਦੇ ਹਾਂ। ਵਰਨਾ ਮੈਂ ਇਸ ਕੇਸ ਨੂੰ ਦੂਜੇ ਬੈਂਚ ਦੇ ਹਵਾਲੇ ਕਰ ਦੇਵਾਂਗਾ।' ਉਨ੍ਹਾਂ ਕਿਹਾ ਕਿ ਦੋਵਾਂ ਸੂਬਿਆਂ ਦੀ ਨੁਮਾਇੰਦਗੀ ਕਰ ਰਹੇ ਵਕੀਲ ਆਪਣੀਆਂ ਸਰਕਾਰਾਂ ਨੂੰ ਸਮਝਾਉਣ ਅਤੇ ਕੇਸ ਹੱਲ ਕਰਵਾ ਲੈਣ, ਅਸੀਂ ਬਿਨਾਂ ਗੱਲ ਤੋਂ ਦਖਲ ਨਹੀਂ ਦੇਣਾ ਚਾਹੁੰਦੇ ਹਾਂ।

ਆਂਧਰਾ ਪ੍ਰਦੇਸ਼ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਦੁਸ਼ਿਅੰਤ ਦਵੇ ਨੇ ਨਿਰਦੇਸ਼ ਲੈਣ ਲਈ ਸਮਾਂ ਮੰਗਿਆ ਤਾਂ ਇਸ ਉੱਤੇ ਬੈਂਚ ਨੇ ਬੁੱਧਵਾਰ ਤਕ ਸਮਾਂ ਦੇ ਦਿੱਤਾ ਜਿਸ ਉੱਤੇ ਤੇਲੰਗਾਨਾ ਵੱਲੋਂ ਪੇਸ਼ ਹੋਏ ਵਕੀਲ ਸੀ ਐਸ ਵੈਦਿਆਨਾਥਨ ਨੇ ਵੀ ਸਹਿਮਤੀ ਪ੍ਰਗਟਾਈ ਅਤੇ ਕੋਰਟ ਨੇ ਸਮਾਂ ਦੇ ਦਿੱਤਾ ਹੈ।

## ਰੱਦ ਕੀਤੀ ਗਈ ਧਾਰਾ 66 ਏ ਬਾਰੇ ਸੁਪਰੀਮ ਕੋਰਟ ਵੱਲੋਂ ਸਾਰੇ ਰਾਜਾਂ ਨੂੰ ਨੋਟਿਸ ਜਾਰੀ

ਨਵੀਂ ਦਿੱਲੀ, 3 ਅਗਸਤ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਇੱਕ ਗੈਰ-ਸਰਕਾਰੀ ਜਥੇਬੰਦੀ ਦੀ ਉਸ ਅਰਜ਼ੀ ਉੱਤੇਰਾਜਾਂ, ਕੇਂਦਰ ਸ਼ਾਸਤ ਪ੍ਰਦੇਸ਼ਾਂ ਅਤੇ ਸਾਰੇ ਹਾਈ ਕੋਰਟਾਂ ਨੂੰ ਨੋਟਿਸ ਜਾਰੀ ਕੀਤੇ ਹਨ, ਜਿਸ ਵਿੱਚ ਕਿਹਾ ਗਿਆ ਹੈ ਕਿ ਸੂਚਨਾ ਤਕਨਾਲੋਜੀ ਐਕਟ ਦੀ ਧਾਰਾ 66ਏ ਤਹਿਤ ਹਾਲੇ ਵੀ ਲੋਕਾਂ ਖਿਲਾਫ ਕੇਸ ਦਰਜ ਹੋ ਰਹੇ ਹਨ।

ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ ਸਾਲ 2015 ਵਿੱਚ ਇੱਕ ਫੈਸਲਾ ਸੁਣਾਉਂਦਿਆਂ ਇਸ ਧਾਰਾ ਨੂੰ ਰੱਦ ਕਰ ਦਿੱਤਾ ਸੀ। ਇਸ ਬਾਰੇ ਕੇਂਦਰ ਸਰਕਾਰ ਨੇ ਐਫੀਡੇਵਿਟ ਦੇ ਕੇ ਕਿਹਾ ਹੈ ਕਿ ਰੱਦ ਧਾਰਾ ਨੂੰ ਲਾਗੂ ਨਾ ਕਰਨਾ ਸੂਬਿਆਂ ਦੀ ਜ਼ਿੰਮੇਵਾਰੀ ਹੈ, ਕਿਉਂਕਿ ਪੁਲਸ ਉਨ੍ਹਾਂ ਦੇ ਅਧੀਨ ਹੈ। ਜਸਟਿਸ ਆਰ ਐਫ ਨਰੀਮਨ ਅਤੇ ਜਸਟਿਸ ਬੀ ਆਰ ਗਵਈ ਦੇ ਬੈਂਚ ਨੇ ਕਿਹਾ ਕਿ ਪੁਲਸ ਰਾਜਾਂ ਦਾ ਵਿਸ਼ਾ ਹੈ, ਇਸ ਲਈ ਇਹ ਬਿਹਤਰ ਹੋਵੇਗਾ ਕਿ ਸਾਰੀਆਂ ਸੂਬਾ ਸਰਕਾਰਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਧਿਰ ਬਣਾਇਆ ਜਾਵੇ ਅਤੇ 'ਅਸੀਂ ਇੱਕ ਵਿਆਪਕ ਹੁਕਮ ਪਾਸ ਕਰ ਸਕਦੇ ਹਾਂ ਤਾਂ ਜੋ ਇਹ ਮਾਮਲਾ ਹਮੇਸ਼ਾ ਲਈ ਸੁਲਝ ਜਾਵੇ।' ਬੈਂਚ ਨੇ ਕਿਹਾ ਕਿ ਰਾਜਾਂ, ਕੇਂਦਰ ਸ਼ਾਸਤ ਪ੍ਰਦੇਸ਼ਾਂ ਅਤੇ ਹਾਈ ਕੋਰਟਾਂ ਨੂੰ ਚਾਰ ਹਫਤੇ ਅੰਦਰ ਨੋਟਿਸ ਦਾ ਜਵਾਬ ਦੇਣਾ ਹੋਵੇਗਾ। ਬੈਂਚ ਨੇ ਇਹ ਵੀ ਨਿਰਦੇਸ਼ ਦਿੱਤਾ ਕਿ ਨੋਟਿਸ ਦੇ ਨਾਲ ਸਾਰੀਆਂ ਧਿਰਾਂ ਨੂੰ ਅਰਜ਼ੀ ਦੇ ਵੇਰਵੇ ਵੀ ਦਿੱਤੇ ਜਾਣ। ਇਸ ਮੌਕੇ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਦਾਖਲ ਐਫੀਡੇਵਿਟ ਵਿੱਚ ਕਿਹਾ ਕਿ ਪੁਲਸ ਅਤੇ ਅਮਨ-ਕਾਨੂੰਨ ਸੰਵਿਧਾਨ ਤਹਿਤ ਰਾਜਾਂ ਦੇ ਵਿਸ਼ੇ ਹਨ ਅਤੇ ਆਈ ਟੀ ਐਕਟ ਦੀ ਧਾਰਾ 66 ਏ ਨੂੰ ਰੱਦ ਕਰਨ ਬਾਰੇ 2015 ਦਾ ਫੈਸਲੇ ਲਾਗੂ ਕਰਨਾ ਉਨ੍ਹਾਂ ਦੀ ਮੁੱਢਲੀ ਜ਼ਿੰਮੇਵਾਰੀ ਹੈ। ਕੇਂਦਰ ਨੇ ਕਿਹਾ ਕਿ ਸੂਬਿਆਂ ਵਿੱਚ ਇਹ ਕਾਨੂੰਨ ਲਾਗੂ ਕਰਵਾਉਣ ਵਾਲੀਆਂ ਏਜੰਸੀਆਂ ਸਾਈਬਰ ਅਪਰਾਧ ਨਾਲ ਸਬੰਧਤ ਦੋਸ਼ੀਆਂਦੇ ਖਿਲਾਫ ਕਾਰਵਾਈ ਕਰਨ ਲਈ ਜ਼ਿੰਮੇਵਾਰ ਹਨ। ਸਰਕਾਰ ਨੇ ਇਹ ਵੀ ਕਿਹਾ ਕਿ ਉਨ੍ਹਾਂ ਸਾਰੇ ਰਾਜਾਂ ਦੇ ਮੁੱਖ ਸਕੱਤਰਾਂ ਅਤੇ ਯੂ ਟੀਜ਼ ਦੇ ਪ੍ਰਸ਼ਾਸਕਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਸਾਰੇ ਪੁਲਸ ਸਟੇਸ਼ਨਾਂ ਨੂੰ ਹਦਾਇਤ ਕਰ ਦੇਣ ਕਿ ਧਾਰਾ 66 ਏ ਤਹਿਤ ਕੋਈ ਕੇਸ ਦਰਜ ਨਾ ਕੀਤਾ ਜਾਵੇ। ਉਨ੍ਹਾਂ ਇਸ ਧਾਰਾ ਤਹਿਤ ਦਰਜ ਕੇਸਾਂ ਦੀ ਗਿਣਤੀ ਦੱਸਣ ਲਈ ਵੀ ਕਿਹਾ ਹੈ।

## ਪਾਕਿਸਤਾਨ ਵਿੱਚ ਪੁਲਸ ਅਧਿਕਾਰੀ ਦਾ ਗੋਲੀ ਮਾਰ ਕੇ ਕਤਲ



ਪੇਸ਼ਵਾਰ, 3 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੇ ਗੜਬੜ ਵਾਲੇ ਖੈਬਰ ਪਖ਼ਤੂਨਖਵਾ ਸੂਬੇ ਵਿੱਚ ਪੋਲੀਓ ਵੈਕਸੀਂ ਵਾਲੇ ਕਰਮਚਾਰੀਆਂ ਦੇ ਦਲ ਨੂੰ ਸੁਰੱਖਿਆ ਦੇ ਰਹੇ ਪੁਲਸ ਅਧਿਕਾਰੀ ਦਾ ਅਣਪਛਾਤੇ ਬੰਦੂਕਧਾਰੀਆਂ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਹੈ। ਦੋ ਦਿਨਾਂ ਵਿੱਚ ਇਹ ਇਸ ਤਰ੍ਹਾਂ ਦੀ ਦੂਜੀ ਘਟਨਾ ਹੈ।

ਪੁਲਸ ਨੇ ਦੱਸਿਆ ਕਿ ਅਧਿਕਾਰੀ ਉੱਤੇ ਮੋਟਰਸਾਈਕਲ ਸਵਾਰ ਬਦਮਾਸ਼ਾਂ ਨੇ ਓਦੋਂ ਹਮਲਾ ਕੀਤਾ, ਜਦੋਂ ਉਹ ਦੱਖਣੀ ਵਜੀਰਿਸਤਾਨ ਨਾਲ ਲੱਗਦੇ ਡੇਰਾ ਇਸਮਾਈਲ ਖ਼ਾਨ ਵਿੱਚ ਪੋਲੀਓ ਕਰਮਚਾਰੀਆਂ ਨਾਲ ਜਾ ਰਹੇ ਸਨ। ਕਾਤਲਾਂ ਨੂੰ ਫੜਨ ਲਈ ਮੁਹਿੰਮ ਚੱਲ ਰਹੀ ਹੈ। ਇਸ ਤੋਂ ਇੱਕ ਦਿਨ ਪਹਿਲਾਂ ਪੇਸ਼ਾਵਰ ਦੇ ਦਾਊਦਜਈ ਇਲਾਕੇ ਵਿੱਚ ਮੋਟਰਸਾਈਕਲ ਉੱਤੇ ਆਏ ਕੁਝ ਬਦਮਾਸ਼ਾਂ ਨੇ ਇੱਕ ਸਿਪਾਹੀ ਉੱਤੇ ਗੋਲੀਆਂ ਚਲਾਈਆਂ ਤੇ ਫਰਾਰ ਹੋ ਗਏ। ਪੁਲਸ ਕਰਮਚਾਰੀ ਪੋਲੀਓ ਕਰਮਚਾਰੀਆਂ ਦੀ ਇੱਕ ਟੀਮ ਨਾਲ ਡਿਊਟੀ ਕਰਨ ਦੇ ਬਾਅਦ ਘਰ ਪਰਤ ਰਿਹਾ ਸੀ। ਪਾਕਿਸਤਾਨ ਵਿੱਚ ਪੋਲੀਓ ਸਿਹਤ ਕਾਰਕੁਨ ਅਤੇ ਉਨ੍ਹਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸੰਭਾਲਣ ਵਾਲੇ ਪੁਲਸ ਅਧਿਕਾਰੀਆਂ ਉੱਤੇ ਆਏ ਦਿਨ ਅਤਿਵਾਦੀਆਂ ਅਤੇ ਬਦਮਾਸ਼ਾਂ ਵੱਲੋਂ ਹਮਲੇ ਕੀਤੇ ਜਾਂਦੇ ਹਨ।

## ਕੌਮੀ ਘੱਟ-ਗਿਣਤੀ ਕਮਿਸ਼ਨ ਨੇ ਘੱਟ ਗਿਣਤੀਆਂ ਨੂੰ ਕਮਜ਼ੋਰ ਵਰਗ ਮੰਨੇ ਜਾਣ ਲਈ ਕਿਹਾ

ਨਵੀਂ ਦਿੱਲੀ, 3 ਅਗਸਤ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਵਿੱਚਐਫੀਡੇਵਿਟ ਪੇਸ਼ ਕਰ ਕੇਦੇਸ਼ ਦੇ ਘੱਟ ਗਿਣਤੀ ਕਮਿਸ਼ਨ ਨੇਕਿਹਾ ਹੈ ਕਿ ਘੱਟ ਗਿਣਤੀਆਂ ਨੂੰ ਕਮਜ਼ੋਰ ਵਰਗਮੰਨਿਆ ਜਾਵੇ ਕਿਉਂਕਿ ਦੇਸ਼ ਵਿੱਚ ਬਹੁਗਿਣਤੀ ਭਾਈਚਾਰਾ ਬਹੁਤ ਮਜ਼ਬੂਤ ਹੈ। ਕਮਿਸ਼ਨ ਨੇ ਕਿਹਾ ਕਿ ਸੰਵਿਧਾਨ ਤੇ ਕਾਨੂੰਨਾਂ ਵਿੱਚ ਸੁਰੱਖਿਆ ਪ੍ਰਬੰਧਾਂ ਦੇ ਬਾਵਜੂਦ ਘੱਟ ਗਿਣਤੀਆਂ ਵਿੱਚ ਨਾਬਰਾਬਰੀ ਅਤੇ ਵਿਤਕਰੇ ਦੀ ਭਾਵਨਾ ਮੌਜੂਦ ਹੈ।

ਇਸ ਐਫੀਡੇਵਿਟ ਵਿਚ ਕਮਿਸ਼ਨ ਨੇ ਕਿਹਾ ਹੈ, ''ਭਾਰਤ ਵਰਗੇ ਦੇਸ਼ ਵਿੱਚ ਬਹੁਗਿਣਤੀ ਭਾਈਚਾਰਾ ਹਾਵੀ ਹੋਣ ਕਾਰਨ ਘੱਟ ਗਿਣਤੀਆਂ ਨੂੰ ਧਾਰਾ 46 ਹੇਠ ਕਮਜ਼ੋਰ ਵਰਗ ਮੰਨਿਆ ਜਾਣਾ ਚਾਹੀਦਾ ਹੈ।'' ਚਾਲੀ ਪੰਨਿਆਂ ਦੇ ਐਫੀਡੇਵਿਟ ਵਿੱਚ ਘੱਟ ਗਿਣਤੀ ਕਮਿਸ਼ਨ ਨੇ ਕਿਹਾ ਹੈ ਕਿ ਜੇ ਸਰਕਾਰ ਵੱਲੋਂ ਵਿਸ਼ੇਸ਼ ਪ੍ਰਬੰਧ ਅਤੇ ਯੋਜਨਾਵਾਂ ਨਾ ਘੜੀਆਂ ਜਾਣਗੀਆਂ ਤਾਂ ਗਿਣਤੀ ਪੱਖੋਂ ਥੋੜ੍ਹੇ ਜਾਂ ਕਮਜ਼ੋਰ ਵਰਗਾਂ ਨੂੰ ਦਬਾਇਆ ਜਾ ਸਕਦਾ ਹੈ। ਇਹ ਐਫੀਡੇਵਿਟ ਉਸ ਪਟੀਸ਼ਨ ਦੇ ਜਵਾਬ ਵਿੱਚ ਦਾਖਲ ਕੀਤਾ ਗਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਭਲਾਈ ਯੋਜਨਾਵਾਂ ਧਰਮ ਦੇ ਆਧਾਰ ਉੱਤੇ ਤੈਅ ਨਹੀਂ ਹੋ ਸਕਦੀਆਂ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਕਿਹਾ ਸੀ ਕਿ ਧਾਰਮਿਕ ਘੱਟ ਗਿਣਤੀਆਂ ਦੇ ਲਈ ਭਲਾਈ ਯੋਜਨਾਵਾਂ ਕਾਨੂੰਨਨ ਜਾਇਜ਼ ਹਨ, ਜਿਨ੍ਹਾਂ ਦਾ ਉਦੇਸ਼ ਦੇਸ਼ ਵਿੱਚ ਨਾਬਰਾਬਰੀ ਘਟਾਉਣਾ ਹੈ ਤੇ ਇਹ ਹਿੰਦੂਆਂ ਜਾਂ ਹੋਰ ਭਾਈਚਾਰਿਆਂ ਦੇ ਹੱਕਾਂ ਦੀ ਉਲੰਘਣਾ ਕਰਨਾ ਨਹੀਂ ਹੈ। ਇਹ ਪਟੀਸ਼ਨ ਨੀਰਜ ਸ਼ੰਕਰ ਸਕਸੈਨਾ ਅਤੇ ਪੰਜ ਹੋਰਾਂ ਵੱਲੋਂ ਦਾਖਲ ਕੀਤੀ ਗਈ ਹੈ, ਜਿਨ੍ਹਾਂ ਕਿਹਾ ਸੀ ਕਿ ਪਟੀਸ਼ਨਰਾਂ ਨੂੰ ਧਾਰਮਿਕ ਘੱਟ ਗਿਣਤੀਆਂ ਦੇ ਲੋਕਾਂ ਨੂੰ ਮਿਲੀਆਂ ਸਹੂਲਤਾਂ ਤੋਂ ਉਨ੍ਹਾਂ ਨੂੰ ਗੈਰ ਸੰਵਿਧਾਨਕ ਢੰਗ ਨਾਲ ਵਾਂਝਾ ਕੀਤਾ ਜਾਂਦਾ ਹੈ ਅਤੇ ਇਹ ਉਨ੍ਹਾਂ ਦੇ ਬੁਨਿਆਦੀ ਹੱਕਾਂ ਦਾ ਘਾਣ ਹੋ ਰਿਹਾ ਹੈ। ਪਟੀਸ਼ਨਰਾਂ ਨੇ ਕਿਹਾ ਸੀ ਕਿ ਕੇਂਦਰ ਮੁਸਲਮਾਨਾਂ ਨੂੰ ਕਾਨੂੰਨ ਅਤੇ ਸੰਵਿਧਾਨ ਤੋਂ ਉਪਰ ਰੱਖ ਕੇ ਬੇਲੋੜਾ ਲਾਹਾ ਦੇ ਰਿਹਾ ਹੈ। ਉਨ੍ਹਾਂ ਕੌਮੀ ਘੱਟ ਗਿਣਤੀ ਕਮਿਸ਼ਨ ਐਕਟ ਨੂੰ ਵੀ ਰੱਦ ਕਰਨ ਦੀ ਮੰਗ ਕੀਤੀ ਹੈ, ਕਿਉਂਕਿ ਪੱਛੜੇ ਵਰਗਾਂ ਬਾਰੇ ਕਮਿਸ਼ਨ ਬਣਿਆ ਹੋਇਆ ਹੈ।

## ਸੁਸ਼ੀਲ ਕੁਮਾਰ ਤੇ ਹੋਰਾਂ ਖਿਲਾਫ ਕਤਲ ਕੇਸ ਵਿੱਚ ਚਾਰਜਸ਼ੀਟ ਦਾਖਲ

ਨਵੀਂ ਦਿੱਲੀ, 3 ਅਗਸਤ (ਪੋਸਟ ਬਿਊਰੋ)- ਇੱਥੋਂ ਦੇ ਛਤਰਸਾਲ ਸਟੇਡੀਅਮ ਵਿੱਚ ਸਾਬਕਾ ਜੂਨੀਅਰ ਕੁਸ਼ਤੀ ਚੈਂਪੀਅਨ ਦੀ ਹੱਤਿਆ ਦੇ ਕੇਸ ਵਿੱਚ ਪੁਲਸ ਨੇ ਕੱਲ੍ਹ ਓਲੰਪਿਕ ਤਮਗਾ ਜੇਤੂ ਪਹਿਲਵਾਨ ਸੁਸ਼ੀਲ ਕੁਮਾਰ ਅਤੇ 19 ਹੋਰਾਂ ਖਿਲਾਫ ਚਾਰਜਸ਼ੀਟ ਦਾਖਲ ਕਰ ਦਿੱਤੀ ਹੈ ਅਤੇ ਅਗਲੀ ਕਾਰਵਾਈ ਸ਼ੁਰੂ ਹੋ ਗਈ ਹੈ।

ਚੀਫ ਮੈਟਰੋਪਾਲੀਟਨ ਮੈਜਿਸਟਰੇਟ ਸਤਬੀਰ ਸਿੰਘ ਲਾਂਬਾ ਅਗੇ ਦਾਖਲ ਚਾਰਜਸ਼ੀਟ ਵਿੱਚ ਸੁਸ਼ੀਲ ਕੁਮਾਰ ਨੂੰ ਮੁੱਖ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਸ ਕੇਸ ਵਿੱਚ 15 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ, ਜਦ ਕਿ ਪੰਜ ਅਜੇ ਵੀ ਫਰਾਰ ਹਨ। ਸੁਸ਼ੀਲ ਕੁਮਾਰ ਅਤੇ ਉਸ ਦੇ ਸਾਥੀਆਂ ਨੇ ਚਾਰ ਅਤੇ ਪੰਜ ਮਈ ਦੀ ਰਾਤ ਨੂੰ 23 ਸਾਲਾ ਪਹਿਲਵਾਨ ਸਾਗਰ ਧਨਖੜ ਅਤੇ ਉਸ ਦੇ ਦੋ ਹੋਰ ਦੋਸਤਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਸੀ। ਬਾਅਦ ਵਿੱਚ ਸਾਗਰ ਦੀ ਮੌਤ ਹੋ ਗਈ ਸੀ। ਇਸ ਤੋਂ ਪਹਿਲਾਂ ਪੁਲਸ ਨੇ ਸੁਸ਼ੀਲ ਨੂੰ ਹੱਤਿਆ ਦਾ ਮੁੱਖ ਦੋਸ਼ੀ ਅਤੇ ਮਾਸਟਰਮਾਈਂਡ ਕਰਾਰ ਦਿੱਤਾ ਅਤੇ ਕਿਹਾ ਸੀ ਕਿ ਉਸ ਕੋਲ ਇਲੈਕਟ੍ਰੋਨਿਕ ਸਬੂਤ ਹਨ ਜਿਸ ਵਿੱਚ ਉਹ ਆਪਣੇ ਸਾਥੀਆਂ ਨਾਲ ਧਨਖੜ ਨੂੰ ਲਾਠੀਆਂ ਨਾਲ ਕੁੱਟਦਾ ਦਿੱਸਦਾ ਹੈ।

## ਹਜ਼ਾਰਾਂ ਸਾਲ ਪੁਰਾਣੇ ਸੁਨਹਿਰੀ ਸਿੱਕੇ ਦੀ ਨਿਲਾਮੀ



ਲੰਡਨ, 3 ਅਗਸਤ (ਪੋਸਟ ਬਿਊਰੋ)- ਇੱਕ ਪ੍ਰਾਚੀਨ ਤੇ ਬਹੁਤ ਕੀਮਤੀ ਸਿੱਕਾ ਪਿਛਲੇ ਸਾਲ ਬ੍ਰਿਟੇਨ ਵਿੱਚ ਇੱਕ ਖਜ਼ਾਨੇ ਦੀ ਭਾਲ ਦੇ ਦੌਰਾਨ ਮਿਲਿਆ ਸੀ। ਇਹ ਐਂਗਲੋ-ਸੈਕਸ਼ਨ ਸਿੱਕਾ ਵਿਲਟਸ਼ਾਇਰ ਅਤੇ ਹੈਂਪਸ਼ਾਇਰ ਸਰਹੱਦ ਉੱਤੇ ਵੈਸਟ ਡੀਨ ਵਿਖੇ ਮੈਟਲ ਡਿਟੈਕਟਰ ਨਾਲ ਲੱਭਿਆ ਸੀ। ਅਨੁਮਾਨ ਹੈ ਕਿ ਇਹ ਲੱਗਭਗ 200,000 ਪੌਂਡ ਯਾਨੀ ਕਰੀਬ ਦੋ ਕਰੋੜ ਰੁਪਏ ਵਿੱਚ ਵਿਕ ਸਕਦਾ ਹੈ। ਰਿਪੋਰਟਾਂ ਅਨੁਸਾਰ ਸਿੱਕੇ ਦਾ ਭਾਰ 4.82 ਗ੍ਰਾਮ ਹੈ।

ਇਸ ਸਿੱਕੇ ਦਾ ਵਿਆਸ ਇੱਕ ਇੰਚ ਤੋਂ ਘੱਟ ਹੈ। ਨਿਲਾਮੀ ਦੌਰਾਨ ਸਿੱਕੇ ਤੋਂ ਵੱਡੀ ਰਕਮ ਮਿਲਣ ਦੀ ਆਸ ਹੈ, ਜਿਸ ਦੀ ਨਿਲਾਮੀ 8 ਸਤੰਬਰ ਨੂੰ ਡਿਕਸ ਨੂਨਣ ਵੈਬ ਵੱਲੋਂ ਕਰਵਾਈ ਜਾਵੇਗੀ। ਜਿਸ ਵਿਅਕਤੀ ਨੇ ਸਿੱਕੇ ਦੀ ਖੋਜ ਕੀਤੀ ਸੀ, ਉਹ ਪਿਛਲੇ ਅੱਠ ਸਾਲਾਂ ਤੋਂ ਖਜ਼ਾਨੇ ਦੀ ਭਾਲ ਕਰ ਰਿਹਾ ਸੀ। ਉਹ ਕਈ ਸਾਲਾਂ ਤੋਂ ਵਿਲਟਸ਼ਾਇਰ ਅਤੇ ਹੈਂਪਸ਼ਾਇਰ ਦੀ ਸਰਹੱਦ ਉੱਤੇ ਸਿੱਕਿਆਂ ਦੀ ਭਾਲ ਵਿੱਚ ਘੁੰਮ ਰਿਹਾ ਸੀ। ਇੱਕ ਦਿਨ ਅਚਾਨਕ ਮੈਟਲ ਡਿਟੈਕਟਰ ਦੇ ਨਾਲ ਚਲਦੇ ਹੋਏ ਉਸ ਨੇ ਇੱਕ ਜਗ੍ਹਾ ਉੱਤੇ ਮੈਟਲ ਡਿਟੈਕਟਰ ਵਿੱਚ ਸੰਕੇਤਕ ਆਵਾਜ਼ ਸੁਣੀ ਅਤੇ ਖੁਦਾਈ ਦੌਰਾਨ ਇਹ ਸਿੱਕਾ ਮਿਲਿਆ। ਸਿੱਕੇ ਉੱਤੇ ਈਕਬਰਹਾਟ ਰੇਕਸ ਸੈਕਸ਼ਨ ਸ਼ਬਦ ਮੋਨੋਗ੍ਰਾਮ ਦੇ ਦੁਆਲੇ ਉਕਰਿਆ ਹੋਇਆ ਹੈ। ਸਿੱਕੇ ਦੀ ਜੂਨ 2021 ਵਿੱਚ ਜਾਂਚ ਕੀਤੀ ਗਈ ਸੀ, ਜਿਸ ਵਿੱਚ ਇਹ 'ਸ਼ੁੱਧ ਸੋਨੇ' ਦਾ ਬਣਿਆ ਨਿਕਲਿਆ। ਜਾਂਚ ਤੋਂ ਪਤਾ ਲੱਗਾ ਕਿ ਚਾਂਦੀ ਅਤੇ ਤਾਂਬੇ ਦੀ ਮਾਤਰਾ ਵੀ ਇਸ ਵਿੱਚ ਮੌਜੂਦ ਹੈ।

## ਬੇਲਾਰੂਸ ਦੀ ਰੇਸਰ ਵੱਲੋਂ ਵਾਪਸ ਜਾਣ ਤੋਂ ਇਨਕਾਰ

ਟੋਕੀਓ, 3 ਅਗਸਤ (ਪੋਸਟ ਬਿਊਰੋ)- ਜਾਪਾਨ ਵਿੱਚ ਓਲੰਪਿਕ ਖੇਡਾਂ ਦੇ ਦੌਰਾਨ ਬੀਤੇ ਦਿਨ ਏਅਰਪੋਰਟ ਉੱਤੇ ਹੰਗਾਮਾ ਹੋ ਗਿਆ। ਖੇਡਾਂ ਵਿੱਚ ਹਿੱਸਾ ਲੈਣ ਆਈ ਬੇਲਾਰੂਸ ਦੀ ਐਥਲੀਟ ਕ੍ਰਿਸਟਸੀਨਾ ਸੀਮਾਨੋਸਕਾਇਆ (24) ਨੇ ਆਪਣੇ ਦੇਸ਼ ਵਾਪਸ ਜਾਣ ਤੋਂ ਇਨਕਾਰ ਕਰ ਦਿੱਤਾ ਹੈ। ਉਸ ਨੇ ਕਿਹਾ ਕਿ ਉਥੇ ਉਸ ਨੂੰ ਖਤਰਾ ਹੈ। ਹਵਾਈ ਅੱਡੇ ਉੱਤੇ ਹੀ ਉਸ ਨੇ ਉਥੇ ਤੈਨਾਤ ਜਾਪਾਨੀ ਪੁਲਸ ਦੀ ਮਦਦ ਲੈ ਲਈ। ਇਸ ਦੇ ਬਾਅਦ ਉਸ ਨੂੰ ਟੋਕੀਓ ਵਿਚਲੇ ਪੋਲੈਂਡ ਦੇ ਦੂਤਘਰ ਨੇ ਮਨੁੱਖੀ ਆਧਾਰ ਉੱਤੇ ਆਪਣੇ ਦੇਸ਼ ਦਾ ਵੀਜ਼ਾ ਜਾਰੀ ਕਰ ਦਿੱਤਾ ਹੈ।

ਇਸ ਤੋਂ ਪਹਿਲਾਂ ਆਪਣੇ ਦੇਸ਼ ਵਿੱਚ ਸਰਕਾਰ ਵਿਰੋਧੀ ਅੰਦੋਲਨਾਂ ਤੋਂ ਪ੍ਰੇਸ਼ਾਨ ਕ੍ਰਿਸਟਸੀਨਾ ਨੇ ਦੋਸ਼ ਲਗਾਇਆ ਕਿ ਜਾਪਾਨ ਆਏ ਬੇਲਾਰੂਸ ਓਲੰਪਿਕ ਐਸੋਸੀਏਸ਼ਨ ਦੇ ਅਧਿਕਾਰੀ ਅਤੇ ਕੋਚ ਉਨ੍ਹਾਂ ਨਾਲ ਚੰਗਾ ਵਿਹਾਰ ਨਹੀਂ ਕਰਦੇ। ਉਨ੍ਹਾਂ ਉੱਤੇ ਵੀਰਵਾਰ ਨੂੰ ਚਾਰ ਗੁਣਾ 400 ਮੀਟਰ ਰਿਲੇ ਰੇਸ ਵਿੱਚ ਹਿੱਸਾ ਲੈਣ ਦਾ ਦਬਾਅ ਪਾਇਆ ਜਾ ਰਿਹਾ ਹੈ, ਜਿਸ ਵਿੱਚ ਉਹ ਪਹਿਲਾਂ ਕਦੇ ਨਹੀਂ ਦੌੜੀ? ਬੀਤੇ ਸ਼ੁੱਕਰਵਾਰ ਕ੍ਰਿਸਟਸੀਨਾ 100 ਮੀਟਰ ਦੀ ਰੇਸ ਵਿੱਚ ਦੌੜੀ ਸੀ ਅਤੇ ਕੱਲ੍ਹ ਉਸ ਨੇ 200 ਮੀਟਰ ਦੇ ਮੁਕਾਬਲੇ ਵਿੱਚ ਹਿੱਸਾ ਲੈਣਾ ਸੀ, ਪਰ ਉਸ ਤੋਂ ਪਹਿਲਾਂ ਹੀ ਐਤਵਾਰ ਨੂੰ ਵਿਵਾਦ ਦੇ ਕਾਰਨ ਬੇਲਾਰੂਸ ਦੇ ਅਧਿਕਾਰੀਆਂ ਨੇ ਉਸ ਨੂੰ ਵਾਪਸ ਜਾਣ ਲਈ ਕਹਿ ਦਿੱਤਾ। ਕ੍ਰਿਸਟਸੀਨਾ ਨੇ ਇਸਤਾਂਬੁਲ ਜਾਣ ਵਾਲੇ ਜਹਾਜ਼ ਵਿੱਚ ਬੈਠਣ ਤੋਂ ਇਨਕਾਰ ਕਰ ਦਿੱਤਾ ਤਾਂ ਪੋਲੈਂਡ ਨੇ ਉਸ ਨੂੰ ਵੀਜ਼ਾ ਜਾਰੀ ਕਰ ਦਿੱਤਾ ਹੈ।

## ਅਮਰੀਕਾ ਵਿੱਚ ਕਿਰਾਏਦਾਰ ਬੇਘਰ ਹੋ ਸਕਦੇ ਨੇ

ਬੋਸਟਨ, 3 ਅਗਸਤ (ਪੋਸਟ ਬਿਊਰੋ)- ਅਮਰੀਕਾ ਵਿੱਚ ਰਾਜ ਪੱਧਰੀ ਇੱਕ ਹੁਕਮ ਦੀ ਮਿਆਦ ਕੱਲ੍ਹ ਖ਼ਤਮ ਹੋਣ ਪਿੱਛੋਂ ਕਿਰਾਏ ਦੇ ਘਰਾਂ ਵਿੱਚ ਰਹਿੰਦੇ ਲੋਕਾਂ ਨੂੰ ਆਪਣੇ ਮਕਾਨ ਜਲਦ ਖ਼ਾਲੀ ਕਰਕੇ ਬੇਘਰ ਹੋਣਾ ਪੈ ਸਕਦਾ ਹੈ।

ਕੋਰੋਨਾ ਦੀ ਮਹਾਂਮਾਰੀ ਦੌਰਾਨ ਮਕਾਨ ਖ਼ਾਲੀ ਕਰਾਉਣ ਉੱਤੇ ਰੋਕ ਸੀ। ਰਿਹਾਇਸ਼ ਬਾਰੇ ਬੁਲਾਰਿਆਂ ਨੇ ਸ਼ੱਕ ਪ੍ਰਗਟ ਕੀਤਾ ਹੈ ਕਿ ਕੇਂਦਰੀ ਰੋਗ ਕੰਟਰੋਲ ਅਤੇ ਰੋਕਥਾਮ ਏਜੰਸੀ (ਸੀ ਡੀ ਸੀ ਪੀ) ਵੱਲੋਂ ਲਾਈ ਰੋਕ ਖ਼ਤਮ ਹੋਣ 'ਤੇ ਆਉਣ ਵਾਲੇ ਹਫ਼ਤਿਆਂ ਵਿੱਚ ਲੱਖਾਂ ਲੋਕਾਂ ਨੂੰ ਆਪਣੇ ਕਿਰਾਏ ਦੇ ਘਰ ਖ਼ਾਲੀ ਕਰਨੇ ਪੈ ਸਕਦੇ ਹਨ। ਬਾਈਡੇਨ ਪ੍ਰਸ਼ਾਸਨ ਨੇ ਕੱਲ੍ਹ ਕਿਹਾ ਸੀ ਕਿ ਉਹ ਇਸ ਰੋਕ ਨੂੰ ਅੱਗੇ ਨਹੀਂ ਵਧਾਉਣਗੇ, ਕਿਉਂਕਿ ਅਮਰੀਕਾ ਦੀ ਸੁਪਰੀਮ ਕੋਰਟ ਨੇ ਸੰਕੇਤ ਦਿੱਤਾ ਹੈ ਕਿ ਕਿਰਾਏ ਦੇ ਮਕਾਨ ਖ਼ਾਲੀ ਕਰਨ ਉੱਤੇ ਲਾਈ ਗਈ ਰੋਕ ਨੂੰ ਸਿਰਫ਼ ਮਹੀਨੇ ਦੇ ਅੰਤ ਤਕ ਵਧਾਇਆ ਜਾ ਸਕਦਾ ਹੈ। ਪਾਰਲੀਮੈਂਟ ਮੈਂਬਰਾਂ ਨੇ ਕੱਲ੍ਹ ਕਿਰਾਏ ਦੇ ਘਰ ਖ਼ਾਲੀ ਕਰਨ ਉੱਤੇ ਰੋਕ ਨੂੰ ਕੁਝ ਮਹੀਨੇ ਵਧਾਉਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੂੰ ਕਾਮਯਾਬੀ ਨਹੀਂ ਮਿਲੀ।









# ਪੰਜਾਬੀ ਯੂਨੀਵਰਸਿਟੀ ਵਿੱਚ ਫੇਕ ਬਿਲਿੰਗ ਕਰਨ ਦੇ ਕੇਸ ਵਿੱਚ ਸੱਤ ਜਣੇ ਨਾਮਜ਼ਦ

ਪਟਿਆਲਾ, 3 ਅਗਸਤ (ਪੋਸਟ ਬਿਊਰੋ)- ਪੰਜਾਬੀ ਯੂਨੀਵਰਸਿਟੀ ਵਿੱਚ ਫੇਕ ਬਿਲਿੰਗ ਘੋਟਾਲਾ ਕੇਸ ਵਿੱਚ ਕਰੀਬ 15 ਦਿਨ ਜਾਂਚ ਕਰ ਕੇ ਪੁਲਸ ਨੇ ਸੱਤ ਜਣਿਆਂ ਨੂੰ ਨਾਮਜ਼ਦ ਕੀਤਾ ਹੈ। ਪੁਲਸ ਕੋਲ ਇਨ੍ਹਾਂ ਸੱਤ ਜਣਿਆਂ ਦੇ ਨਾਂਅ ਹਨ, ਪ੍ਰੰਤੂ ਇਸ ਲਈ ਜਾਰੀ ਨਹੀਂ ਕੀਤੇ ਗਏ ਕਿ ਕਿਤੇ ਦੋਸ਼ੀ ਪੁਲਸ ਦੀ ਪਕੜ ਤੋਂ ਪਹਿਲਾਂ ਭੱਜ ਨਾ ਜਾਣ।

ਮਿਲੀ ਜਾਣਕਾਰੀ ਅਨੁਸਾਰ ਪੰਜਾਬੀ ਯੂਨੀਵਰਸਿਟੀ ਵਿੱਚ ਪਿਛਲੇ ਦਿਨੀਂ ਫੇਕ ਬਿੱਲ ਸਕਾਲਰਸ਼ਿਪ ਘੋਟਾਲਾ ਪਤਾ ਲੱਗਾ ਸੀ, ਜਿਸ ਉੱਤੇ ਵਾਈਸ ਚਾਂਸਲਰ ਨੇ ਐਕਸ਼ਨ ਲੈ ਕੇ ਦੋ ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ ਅਤੇ ਦਰਜਾ ਚਾਰ ਦੇ ਇੱਕ ਮੁਲਾਜ਼ਮ ਨੂੰ ਨੌਕਰੀ ਤੋਂ ਕੱਢ ਦਿੱਤਾ ਸੀ। ਇਸ ਮਾਮਲੇ ਵਿੱਚ ਜਲਦੀ ਕੁਝ ਹੋਰ ਨਾਂਅ ਸ਼ਾਮਲ ਹੋਣਗੇ ਕਿਉਂਕਿ ਅਜੇ ਇਨ੍ਹਾਂ ਵਿੱਚੋਂ ਇੱਕ ਦੋਸ਼ੀ ਦਾ ਨਾਂਅ ਸ਼ਿਕਾਇਤ ਵਿੱਚ ਦਰਜ ਨਹੀਂ ਹੈ। ਐਸ ਐਚ ਓ ਰੌਨੀ ਸਿੰਘ ਨੇ ਦੱਸਿਆ ਉਕਤ ਦੋਸ਼ੀ ਦਾ ਨਾਂਅ ਸ਼ੁਰੂਆਤੀ ਜਾਂਚ ਵਿੱਚ ਨਹੀਂ ਆਇਆ, ਪਰ ਜਾਂਚ ਵਿੱਚ ਦੇਖਾਂਗੇ ਕਿ ਕਿੰਨਾ ਦੋਸ਼ੀ ਹੈ, ਫਿਰ ਕਾਰਵਾਈ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਇਸ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਸ਼ੀਆਂ ਦੀ ਤਲਾਸ਼ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਨੇ ਸ਼ਿਕਾਇਤ ਕੀਤੀ ਸੀ, ਜਿਸ ਵਿੱਚ ਕੁਝ ਮੁਲਾਜ਼ਮਾਂ ਵੱਲੋਂ ਸੱਤ ਲੱਖ ਰੁਪਏ ਦੀ ਹੇਰਾਫੇਰੀ ਦਾ ਕੇਸ ਸੀ, ਜਿਸ ਵਿੱਚ ਕੇਸ ਦਰਜ ਕਰ ਕੇ ਇਸ ਦੀ ਜਾਂਚ ਕੀਤੀ ਜਾ ਰਹੀ ਹੈ, ਜੋ ਵੀ ਦੋਸ਼ੀ ਹੋਵੇਗਾ ਕਾਰਵਾਈ ਕੀਤੀ ਜਾਏਗੀ।

# ਜ਼ੀਰਕਪੁਰ ਦੀਆਂ ਨਾਜ਼ਾਇਜ਼ ਕਾਲੋਨੀਆਂ ਉੱਤੇ ਕਾਰਵਾਈ, 23 ਲੋਕਾਂ ਦੀਆਂ ਰਜਿਸਟਰੀਆਂ ਉੱਤੇ ਰੋਕ

ਜ਼ੀਰਕਪੁਰ, 3 ਅਗਸਤ (ਪੋਸਟ ਬਿਊਰੋ)- ਜ਼ੀਰਕਪੁਰ ਵਿੱਚ ਨਾਜਾਇਜ਼ ਰੂਪ ਵਿੱਚ ਬਣ ਰਹੀਆਂ ਕਾਲੋਨੀਆਂ ਵਿੱਚ ਘਰ ਲੈ ਕੇ ਜੀਵਨ ਭਰ ਦੀ ਪੂੰਜੀ ਲਾਉਣ ਵਾਲੇ ਲੋਕਾਂ ਨੂੰ ਬਚਾਉਣ ਲਈ ਗਮਾਡਾ ਨੇ 23 ਕਾਲੋਨੀਆਂ ਦੀਆਂ ਰਜਿਸਟਰੀਆਂ ਉੱਤੇ ਰੋਕ ਲਾ ਦਿੱਤੀ ਹੈ। ਗਮਾਡਾ ਦੇ ਹੁਕਮ ਉੱਤੇ ਸਥਾਨਕ ਤਹਿਸੀਲਦਾਰ ਨੇ ਨਗਰ ਕੌਂਸਲ ਦੇ ਅਧਿਕਾਰੀਆਂ ਤੋਂ ਜ਼ਮੀਨਾਂ ਦਾ ਸਾਰਾ ਬਿਓਰਾ ਮੰਗ ਲਿਆ ਅਤੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਆਮ ਲੋਕਾਂ ਨੂੰ ਹੋ ਰਹੀ ਧੋਖਾਦੇਹੀ ਤੋਂ ਬਚਾਉਣ ਲਈ ਲੰਬੀ ਲੜਾਈ ਲੜਨ ਵਾਲੀ 'ਜੈਕ' ਰੈਜੀਡੈਂਟ ਵੈਲਫੇਅਰ ਐਸੋਸੀਏਸ਼ਨ ਨੇ ਇਸ ਕਾਰਵਾਈ ਦਾ ਸਵਾਗਤ ਕਰਦਿਆਂ ਕਿਹਾ ਕਿ ਜਾਂਚ ਵਿੱਚ ਪੱਖਪਾਤ ਨਹੀਂ ਹੋਣਾ ਚਾਹੀਦਾ। 'ਜੈਕ' ਦੇ ਪ੍ਰਧਾਨ ਸੁਖਦੇਵ ਚੌਧਰੀ ਨੇ ਇਨ੍ਹਾਂ ਹੁਕਮਾਂ ਨੂੰ 'ਜੈਕ' ਵੱਲੋਂ ਪਿਛਲੇ ਤਿੰਨ ਸਾਲ ਤੋਂ ਕੀਤੇ ਗਏ ਸੰਘਰਸ਼ ਦੀ ਜਿੱਤ ਕਰਾਰ ਦਿੰਦਿਆਂ ਕਿਹਾ ਕਿ ਜ਼ੀਰਕਪੁਰ, ਪੀਰਮੁੱਛਲਾ, ਗਾਜ਼ੀਪੁਰ ਤੇ ਨਗਲਾ ਆਦਿ ਇਲਾਕਿਆਂ ਵਿੱਚ 100 ਤੋਂ ਵੱਧ ਨਾਜਾਇਜ਼ ਕਾਲੋਨੀਆਂ ਬਣੀਆਂ ਹੋਈਆਂ ਹਨ।ਜਿਨ੍ਹਾਂ ਕਾਲੋਨੀਆਂ ਦੀਆਂ ਰਜਿਸਟਰੀਆਂ ਉੱਤੇ ਰੋਕਲੱਗੀ, ਉਨ੍ਹਾਂ ਵਿੱਚਪੀਰਮੁੱਛਲਾ ਵਿੱਚ ਮੈਟਰੋ ਟਾਊਨ, ਸਿੰਘਪੁਰਾ ਵਿੱਚ ਰਾਇਲ ਸਿਟੀ, ਕਿਸ਼ਨਪੁਰਾ ਵਿੱਚ ਐਲ ਆਰ ਹੋਮਸ, ਗਾਜ਼ੀਪੁਰ ਵਿੱਚ ਕ੍ਰਿਸਟਲ ਹੋਮਸ, ਭਬਾਤ ਵਿੱਚ ਵੀ-ਸਿਟੀ ਅਤੇ ਖ਼ੁਸ਼ਹਾਲ ਐਨਕਲੇਵ, ਗਾਜ਼ੀਪੁਰ ਵਿੱਚ ਮਾਊਂਟ ਕੈਲਾਸ਼ ਕਾਲੋਨੀ, ਭਬਾਤ ਵਿੱਚ ਕੈਪੀਟਲ ਸ਼ਾਪਿੰਗ ਕੰਪਲੈਕਸ, ਸਵਾਸਤਿਕ ਵਿਹਾਰ, ਬਲਟਾਨਾ ਦੀ ਰਵਿੰਦਰਾ ਐਨਕਲੇਵ, ਕਿਸ਼ਨਪਰਾ ਢਕੋਲੀ ਵਿੱਚ ਰਾਧੇ ਐਨਕਲੇਵ ਤੇ ਸ਼ੁਭ ਡਿਵੈਲਪਰ, ਕ੍ਰਿਸ਼ਨਾ ਐਨਕਲੇਵ, ਪੀਰਮੁੱਛਲਾ ਦੀ ਫਰੈਂਡਜ਼ ਕਾਲੋਨੀ, ਸ਼ਿਆਮ ਰੈਜੀਡੈਂਸੀ, ਗਾਜ਼ੀਪੁਰ ਦੀ ਭਾਂਭਰੀ ਐਨਕਲੇਵ, ਭਬਾਤ ਦੀ ਜਰਨੈਲ ਐਨਕਲੇਵ, ਬਰਕਤ ਹੋਮਸ, ਭਬਾਤ ਦੀ ਸ਼ੰਕਰ ਸਿਟੀ ਅਤੇ ਹਾਈ ਵੇ ਹੋਮਸਸ਼ਾਮਲ ਹਨ। ਇਨ੍ਹਾਂ ਸਾਰਿਆਂ ਦੀ ਜਾਂਚ ਕੀਤੀ ਜਾਣ ਲੱਗੀ ਹੈ।

# ਰਿਲਾਇੰਸ ਆਊਟਲੈਟ ਬੰਦ ਹੋਣ ਨਾਲ ਪੰਜ ਹਜ਼ਾਰ ਤੋਂ ਵੱਧ ਨੌਕਰੀਆਂ ਉਤੇ ਖਤਰੇ ਦਾ ਪਰਛਾਵਾਂ




ਲੁਧਿਆਣਾ, 3 ਅਗਸਤ (ਪੋਸਟ ਬਿਊਰੋ)- ਕਿਸਾਨ ਅੰਦੋਲਨ ਦੇ ਅਸਰ ਹੇਠ ਕਾਰਪੋਰੇਟ ਘਰਾਣਿਆਂ ਵੱਲੋਂ ਪੰਜਾਬ ਵਿੱਚ ਖੋਲ੍ਹੇ ਸਟੋਰ ਲੰਬੇ ਸਮੇਂ ਤੋਂ ਬੰਦ ਹੋਣ ਦੇ ਕਾਰਨ ਨੌਜਵਾਨਾਂ ਦੇ ਲਈ ਰੋਜ਼ਗਾਰ ਦੀ ਚੁਣੌਤੀ ਖੜ੍ਹੀ ਕਰਨ ਲੱਗੇ ਹਨ। ਅਡਾਨੀ ਲਾਜਿਸਟਿਕਸ ਪਾਰਕ ਬੰਦ ਹੋਣ ਪਿੱਛੋਂ ਕੁਝ ਹੋਰ ਕਾਰਪੋਰੇਟ ਕੰਪਨੀਆਂ ਦੇ ਸਟੋਰਾਂ ਵਿੱਚ ਕੰਮ ਕਰਦੇ ਪੰਜਾਬ ਦੇ ਨੌਜਵਾਨਾਂ ਲਈ ਚੁਣੌਤੀਆਂ ਪੈਦਾ ਹੋ ਰਹੀਆਂ ਹਨ। ਉਨ੍ਹਾਂ ਨੂੰ ਡਰ ਹੈ ਕਿ ਜੇ ਹਾਲਾਤ ਨਾ ਬਦਲਣਗੇ ਤਾਂ ਜਿਨ੍ਹਾਂ ਸਟੋਰਾਂ ਦੇ ਖੁੱਲ੍ਹਣ ਦਾ ਇੰਤਜ਼ਾਰ ਹੈ ਕਿਤੇ ਕਾਰਪੋਰੇਟ ਘਰਾਣੇ ਆਪਣੇ ਅਦਾਰੇ ਪੰਜਾਬ ਵਿੱਚ ਬੰਦ ਹੀ ਨਾ ਕਰ ਦੇਣ।

ਕਿਸਾਨ ਅੰਦੋਲਨ ਦੇ ਕਾਰਨ ਜਿੱਥੇ ਅਡਾਨੀ ਨੇ ਆਪਣਾ ਅਦਾਰਾ ਬੰਦ ਕਰ ਦਿੱਤਾ, ਉਥੇ ਪੰਜਾਬ ਵਿੱਚ ਰਿਲਾਇੰਸ ਦੇ ਕਈ ਆਊਟਲੈਟਸ ਪਿਛਲੇ ਦਸ ਮਹੀਨੇ ਤੋਂ ਨਹੀਂ ਖੁੱਲ੍ਹੇ। ਕਈ ਸਟੋਰਾਂ ਦੇ ਬਾਹਰ ਬਾਕਾਇਦਾ ਇਸ ਬਾਰੇ ਨੋਟਿਸ ਲਾਏ ਗਏ ਹਨ ਕਿ ਕਿਸਾਨ ਅੰਦੋਲਨ ਦੇ ਕਾਰਨ ਸਟੋਰ ਬੰਦ ਹਨ। ਇਸ ਦਾ ਮੁੱਖ ਕਾਰਨ ਕਿਸਾਨਾਂ ਵਲੋਂ ਸਟੋਰਾਂ ਉੱਤੇ ਕੀਤੀ ਭੰਨਤੋੜ ਹੈ। ਪੰਜਾਬ ਵਿੱਚ ਰਿਲਾਇੰਸ ਮਾਲ, ਰਿਲਾਇੰਸ ਟ੍ਰੈਂਡ, ਰਿਲਾਇੰਸ ਜਵੈਲਰਸ, ਰਿਲਾਇੰਸ ਫਰੈਸ਼, ਰਿਲਾਇੰਸ ਵਾਨਾ, ਰਿਲਾਇੰਸ ਫੁਟ ਪ੍ਰਿੰਟ ਸਟੋਰ, ਰਿਲਾਇੰਸ ਸਮਾਰਟ, ਰਿਲਾਇੰਸ ਦੇ ਪੈਟਰੋਲ ਪੰਪ ਆਦਿ ਕਰੀਬ 150 ਅਦਾਰਿਆਂ ਵਿੱਚ ਕਰੀਬ 5500 ਲੋਕਾਂ ਨੂੰ ਰੋਜ਼ਗਾਰ ਮਿਲਿਆ, ਪਰ ਕੰਪਨੀ ਇਨ੍ਹਾਂ ਸਟੋਰਾਂ ਨੂੰ ਖੋਲ੍ਹ ਨਹੀਂ ਰਹੀ ਹੈ।

ਜਾਣਕਾਰ ਸੂਤਰਾਂ ਅਨੁਸਾਰ ਇਸ ਦਾ ਸਿੱਧਾ ਅਸਰ ਰੋਜ਼ਗਾਰ ਉੱਤੇ ਹੋਣ ਦੇ ਨਾਲ ਪੰਜਾਬ ਸਰਕਾਰ ਨੂੰ ਕਾਰਪੋਰੇਟ ਜਗਤ ਤੋਂ ਨਵਾਂ ਨਿਵੇਸ਼ ਨਾ ਮਿਲਣ ਕਾਰਨ ਵੀ ਨੁਕਸਾਨ ਸਹਿਣਾ ਪੈ ਸਕਦਾ ਹੈ। ਇਹੀ ਨਹੀਂ ਸਗੋਂ ਸਬਜ਼ੀ ਤੇ ਫਲ ਵੇਚਣ ਵਾਲੇ ਕਿਸਾਨਾਂ ਨੂੰ ਵੀ ਅੰਦੋਲਨ ਕਾਰਨ ਬੰਦ ਹੋਏ ਇਨ੍ਹਾਂ ਸਟੋਰਾਂ ਦਾ ਨੁਕਸਾਨ ਹੋ ਰਿਹਾ ਹੈ। ਰਿਲਾਇੰਸ ਦੇ ਇੱਕ ਦਰਜਨ ਤੋਂ ਵੱਧ ਰਿਟੇਲ ਸਟੋਰ ਕੇਵਲ ਲੁਧਿਆਣਾ ਵਿੱਚ ਹਨ ਅਤੇ ਪੰਜਾਬ ਵਿੱਚ ਕਰੀਬ 150 ਵੱਖ-ਵੱਖ ਬ੍ਰਾਂਡਾਂ ਦੇ ਸਟੋਰ ਹਨ, ਜੋ ਇਨ੍ਹੀਂ ਦਿਨੀਂ ਬੰਦ ਹਨ। ਜਾਣਕਾਰ ਇਸ ਗੱਲ ਨੂੰ ਲੈ ਕੇ ਚਿੰਤਾ ਵਿੱਚ ਹਨ ਕਿ ਜੇ ਰਿਲਾਇੰਸ ਨੇ ਵੀ ਅਡਾਨੀ ਵਰਗਾ ਕਦਮ ਉਠਾ ਲਿਆ ਤਾਂ ਪਤਾ ਨਹੀਂ ਕਿੰਨੇ ਨੌਜਵਾਨ ਬੇਰੋਜ਼ਗਾਰ ਹੋ ਜਾਣਗੇ।

# 16 ਕਰੋੜ ਦਾ ਇੰਜੈਕਸ਼ਨ ਵੀ ਵੇਦਿਕਾ ਦੀ ਜਾਨ ਨਾ ਬਚਾ ਸਕਿਆ

ਪੁਣੇ, 3 ਅਗਸਤ (ਪੋਸਟ ਬਿਊਰੋ)- ਦੁਰਲੱਭ ਬਿਮਾਰੀ ਸਪਾਈਨਲ ਮਸਕੂਲਰ ਅਟਾਰਫੀ ਦੀ ਮਰੀਜ਼ ਇੱਕ ਸਾਲਾ ਬੱਚੀ ਵੇਦਿਕਾ ਦੀ ਮੌਤ ਹੋ ਗਈ ਹੈ। ਪੁਣੇ, ਮਹਾਰਾਸ਼ਟਰ ਦੇ ਦੀਨਾਨਾਥ ਮੰਗੇਸ਼ਕਰ ਹਸਪਤਾਲ ਵਿੱਚ ਉਸ ਨੇ ਆਖਰੀ ਸਾਹ ਲਿਆ ਹੈ। ਵੇਦਿਕਾ ਨੂੰ ਦੁਨੀਆ ਦਾ ਸਭ ਤੋਂ ਮਹਿੰਗਾ 16 ਕਰੋੜ ਰੁਪਏ ਦਾ ਟੀਕਾ ਲਾਇਆ ਗਿਆ ਸੀ। ਇਸ ਦੇ ਬਾਵਜੂਦ ਉਸ ਨੂੰ ਬਚਾਇਆ ਨਹੀਂ ਜਾ ਸਕਿਆ। ਟੀਕੇ ਦੇ ਲਈ ਪੈਸੇ ਕਰਾਊਡ ਫੰਡਿੰਗ ਰਾਹੀਂ ਇਕੱਠੇ ਕੀਤੇ ਗਏ ਸਨ। ਵੇਦਿਕਾ ਨੂੰ ਪਿਛਲੇ ਮਹੀਨੇ ਅਮਰੀਕਾ ਤੋਂ ਮੰਗਵਾਇਆ ਜੋਲਗੇਂਸਮਾ ਟੀਕਾ ਲਾਇਆ ਗਿਆ ਸੀ। ਪਿਤਾ ਸੌਰਭ ਸ਼ਿੰਦੇ ਨੇ ਮੀਡੀਆ ਨੂੰ ਦੱਸਿਆ, "ਬੀਤੀ ਸ਼ਾਮ ਵੇਦਿਕਾ ਨੂੰ ਅਚਾਨਕ ਸਾਹ ਲੈਣ ਵਿੱਚ ਦਿੱਕਤ ਹੋਈ। ਉਸ ਨੂੰ ਤੁਰੰਤ ਅਸੀਂ ਹਸਪਤਾਲ ਲੈ ਗਏ। ਉਸ ਦੀ ਹਾਲਤ ਸਥਿਰ ਹੋਈ ਤਾਂ ਦੀਨਾਨਾਥ ਮੰਗੇਸ਼ਕਰ ਹਸਪਤਾਲ ਲੈ ਗਏ, ਉਥੇ ਉਸ ਨੂੰ ਤੁਰੰਤ ਵੈਂਟੀਲੇਟਰ ਉੱਤੇ ਰੱਖਿਆ ਗਿਆ, ਪ੍ਰੰਤੂ ਉਸ ਨੂੰ ਬਚਾਇਆ ਨਹੀਂ ਜਾ ਸਕਿਆ।"

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM

KULWINDERCHHINA
BROKER
647.293.2327



## Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

## ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## Sales Person Required

**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092
www.STARLANEPAINTING.com

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

## WANTED

Panjabi Nannies, Caregivers, Cleaning ladies and Cooks for GTA. Please contact at the earliest at: 416-275-7010

## A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸੰਪਰਕ: 647-205-5909, 416-618-3358**

## ਵਰਕਰਾਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।



WORK MATCH INC.

## ਲੈਂਡਸਕੇਪ ਕਾਮਿਆਂ ਦੀ ਲੋੜ

ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ

- ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
- ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
- ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।

ਹੁਣੇ ਅਪਲਾਈ ਕਰੋ: +1(416) 473-9677

info@worksmatch.com
www.worksmatch.com

